# ECHO OF HIS CALL

## ਬੁਲਾਵੇ ਦੀ ਗਜ

PUNJABI

₹ 10/-

ECHO OF HIS CALL 1969-2019 GOLDEN JUBILEE (ECHO GROUP)

India's National Spiritual Newspaper

Published monthly in ENGLISH, TAMIL, MALAYALAM, TELUGU, HINDI, KANNADA, MARATHI, BENGALI, GUJARATI, ODIYA, ASSAMESE, PUNJABI, NEPALI, URDU, SINHALA & AFRIKAN

Editor : S. SAM SELVA RAJ | 16 Languages | Associate Editor : Bro. ASHISH RAMESH BALDHARI

VOL. XXIII | YEAR OF OUR LORD JESUS CHRIST, JULY 2022 | No. 02


ਪਵਿੱਤਰ ਬਾਈਬਲ

ਕਿਰਪਾ ਕਰਕੇ ਇਸ ਹਿੱਸੇ ਨੂੰ ਯਾਦ ਕਰੋ

**PRAISE THE LORD**

ਜ਼ਬੂਰ 30:1-10

1. ਹੇ ਯਹੋਵਾਹ ਮੈਂ ਤੇਰੀ ਵਡਿਆਈ ਕਰਾਂਗਾ, ਕਿਉਂ ਜੋ ਤੈਂ ਮੈਨੂੰ ਉਤਾਹਾਂ ਖਿੱਚਿਆ ਅਤੇ ਮੇਰੇ ਵੈਰੀਆਂ ਨੂੰ ਮੇਰੇ ਉੱਤੇ ਅਨੰਦ ਹੋਣ ਨਾ ਦਿੱਤਾ।
2. ਹੇ ਯਹੋਵਾਹ ਮੇਰੇ ਪ੍ਰਮੇਸ਼ਵਰ ਮੈਂ ਤੇਰੀ ਦੁਹਾਈ ਦਿੱਤੀ, ਅਤੇ ਤੈਂ ਮੈਨੂੰ ਚੰਗਿਆਂ ਕੀਤਾ।
3. ਹੇ ਯਹੋਵਾਹ ਤੈਂ ਮੇਰੀ ਜਾਨ ਨੂੰ ਪਤਾਲੋਂ ਉਠਾ ਲਿਆ ਹੈ, ਤੈਂ ਮੈਨੂੰ ਜੀਉਂਦਿਆਂ ਰੱਖਿਆ ਹੈ ਭਈ ਮੈਂ ਗੋਰ ਵਿੱਚ ਨਾ ਉੱਤਰ ਜਾਵਾਂ।
4. ਹੇ ਯਹੋਵਾਹ ਦੇ ਸੰਤੋ ਉਹ ਦੇ ਗੁਣ ਗਾਓ, ਅਤੇ ਉਹ ਦੀ ਪਵਿੱਤਰਤਾਈ ਚੇਤੇ ਰੱਖ ਕੇ ਉਹ ਦਾ ਧੰਨਵਾਦ ਕਰੋ।
5. ਉਹ ਦਾ ਕ੍ਰੋਧ ਪਲ ਭਰ ਦਾ ਹੈ, ਪਰ ਉਹ ਦੀ ਕਿਰਪਾ ਜੀਉਣ ਭਰ ਦੀ ਹੈ। ਭਾਵੇਂ ਰਾਤ ਨੂੰ ਰੋਣਾ ਹੋਵੇ ਪਰ ਸਵੇਰ ਨੂੰ ਜੈ ਜੈ ਕਾਰ ਹੋਵੇਗੀ।
6. ਮੈਂ ਤਾਂ ਆਪਣੀ ਭਾਗਵਾਨੀ ਦੇ ਵੇਲੇ ਆਖਿਆ ਸੀ ਭਈ ਮੈਂ ਕਦੇ ਨਾ ਡੋਲਾਂਗਾ।
7. ਹੇ ਯਹੋਵਾਹ ਤੈਂ ਆਪਣੀ ਕਿਰਪਾ ਦੇ ਨਾਲ ਪਹਾੜ ਨੂੰ ਸਥਿਰ ਰੱਖਿਆ, ਤੈਂ ਆਪਣਾ ਮੁੱਖ ਲੁਕਾਇਆ, ਮੈਂ ਘਬਰਾਇਆ।
8. ਹੇ ਯਹੋਵਾਹ ਮੈਂ ਤੈਨੂੰ ਪੁਕਾਰਿਆ ਅਤੇ ਪ੍ਰਭੂ ਅੱਗੇ ਮੈਂ ਇਹ ਅਰਜੋਈ ਕੀਤੀ।
9. ਭਈ ਮੇਰੇ ਲਹੂ ਦਾ ਕੀ ਲਾਭ ਹੈ ਜਦੋਂ ਮੈਂ ਗੋਰ ਵਿੱਚ ਉੱਤਰ ਜਾਵਾਂ? ਭਲਾ ਖਾਕ ਤੇਰਾ ਧੰਨਵਾਦ ਕਰੇਗੀ? ਭਲਾ ਉਹ ਤੇਰੀ ਸੱਚਿਆਈ ਦੱਸੇਗੀ?
10. ਹੇ ਯਹੋਵਾਹ ਸੁਣ, ਮੇਰੇ ਉੱਤੇ ਦਯਾ ਕਰ, ਹੇ ਯਹੋਵਾਹ ਤੂੰ ਮੇਰਾ ਸਹਾਇਕ ਹੋ।

## YOUR DECISION DETERMINES YOUR DESTINY!

## ਤੁਹਾਡਾ ਫੈਸਲਾ ਤੁਹਾਡੀ ਕਿਸਮਤ ਨੂੰ ਨਿਰਧਾਰਿਤ ਕਰਦਾ ਹੈ!

ਪਾਸਟਰ ਐੱਸ. ਸੈਮ ਸੇਲਵਾ ਰਾਜ ਵੱਲੋਂ ਮੁੱਖ ਚਰਚ ਵਿੱਚ ਦਿੱਤਾ ਗਿਆ ਸੰਦੇਸ਼

ਇਸ ਸੰਸਾਰ ਵਿੱਚ ਹਰ ਕੋਈ ਚਾਹੁੰਦਾ ਹੈ ਕਿ ਉਸ ਨਾਲ ਚੰਗੀਆਂ ਚੀਜ਼ਾਂ ਵਾਪਰਨ - ਅਚਾਨਕ ਅਰ ਉਮੀਦ ਕੀਤੀਆਂ ਹੋਈਆਂ ਬਰਕਤਾਂ! ਤਰੱਕੀਆਂ !! ਵੀ ਮਿਲਣ।
ਪਰ ਹਰ ਕਿਸੇ ਨੂੰ ਪ੍ਰਮੇਸ਼ਵਰ ਦੁਆਰਾ ਇੱਕ ਵਿਲੱਖਣ ਬੁਲਾਹਟ ਹੈ ਅਤੇ ਉਹ ਸਾਡੇ ਵਿੱਚੋਂ ਹਰੇਕ ਨੂੰ ਵੱਖੋ ਵੱਖਰੇ ਤਰੀਕਿਆਂ ਨਾਲ ਅਗਵਾਈ ਕਰਦਾ ਹੈ। ਸਾਡੀ ਬੁਲਾਹਟ ਵੱਖਰੀ ਹੋ ਸਕਦੀ ਹੈ - ਪਰ ਜੋ ਫੈਸਲੇ ਅਸੀਂ ਸਹੀ ਸਮੇਂ 'ਤੇ ਲੈਂਦੇ ਹਾਂ ਉਹ ਸਾਡੀ ਮੰਜ਼ਿਲ ਨੂੰ ਨਿਰਧਾਰਤ ਕਰਦੇ ਹਨ। ਇਹ ਸੱਚਾਈ ਉਦੋਂ ਸਾਹਮਣੇ ਆਉਂਦੀ ਹੈ ਜਦੋਂ ਅਸੀਂ ਬਹੁਤ ਸਾਰੇ ਲੋਕਾਂ ਦੇ ਜੀਵਨ ਦਾ ਅਧਿਐਨ ਕਰਦੇ ਹਾਂ। ਆਓ ਅਸੀਂ ਨਬੀਆਂ ਏਲੀਯਾਹ, ਅਲੀਸ਼ਾ ਅਤੇ ਅਲੀਸ਼ਾ ਦੇ ਸੇਵਕ ਗਹੇਜ਼ੀ ਦੇ ਜੀਵਨ ਦਾ ਅਧਿਐਨ ਕਰੀਏ। ਇਹ ਸਾਰੇ ਮਨੁੱਖ ਸਮਕਾਲੀ ਸਨ।

### I ਏਲੀਯਾਹ ਨਬੀ

ਏਲੀਯਾਹ 910 - 896 ਈਸਾ ਪੂਰਵ ਦੇ ਵਿਚਕਾਰ ਰਹਿੰਦਾ ਸੀ। ਉਹ ਇੱਕ ਤਿਸ਼ਬੀ ਸੀ, ਗਿਲਆਦ ਦੀ ਧਰਤੀ ਦਾ ਰਹਿਣ ਵਾਲਾ ਸੀ। ਉਹ ਪਹਿਲਾਂ ਤੋਂ ਹੀ ਚੁਣਿਆ ਹੋਇਆ ਅਤੇ ਪ੍ਰਭੂ ਦੁਆਰਾ ਇੱਕ ਨਬੀ ਹੋਣ ਲਈ ਬੁਲਾਇਆ ਗਿਆ ਸੀ। ਬਾਈਬਲ ਉਸ ਦੇ ਜਨਮ ਜਾਂ ਉਸ ਦੇ ਪਰਿਵਾਰ ਬਾਰੇ ਕੋਈ ਜਾਣਕਾਰੀ ਨਹੀਂ ਦਿੰਦੀ।

"ਏਲੀਯਾਹ" ਨਾਮ ਦਾ ਅਰਥ "ਯਹੋਵਾਹ ਮੇਰਾ ਪਰਮੇਸ਼ੁਰ ਹੈ" ਹੈ। ਜਦੋਂ ਅਸੀਂ ਏਲੀਯਾਹ ਦੇ ਜੀਵਨ ਨੂੰ ਸਮੁੱਚੇ ਤੌਰ 'ਤੇ ਦੇਖਦੇ ਹਾਂ, ਅਸੀਂ ਦੇਖਦੇ ਹਾਂ ਕਿ ਇਹ ਪ੍ਰਭੂ ਹੀ ਸੀ ਜਿਸਨੇ ਉਸਨੂੰ ਬੁਲਾਇਆ ਅਤੇ ਅੰਤ ਵਿੱਚ, ਇਹ ਪ੍ਰਭੂ ਹੀ ਸੀ ਜੋ ਉਸਨੂੰ ਸਵਰਗ ਵਿੱਚ ਵੀ ਉਠਾ ਲੈ ਗਿਆ। ਉਸ ਨੇ ਮੌਤ ਦਾ ਅਨੁਭਵ ਨਹੀਂ ਕੀਤਾ। ਉਸਨੂੰ ਕਬਰ ਵਿੱਚ ਨਹੀਂ ਰੱਖਿਆ ਗਿਆ। ਅਤੇ ਧਰਤੀ ਉੱਤੇ ਰਹਿੰਦੇ ਹੋਏ, ਉਹ ਜਾਨਵਰਾਂ ਦੇ ਵਾਲਾਂ ਤੋਂ ਬਣੀ ਇੱਕ ਪੋਸ਼ਾਕ ਪਹਿਨਦਾ ਅਰ ਇੱਕ ਸੰਨਿਆਸੀ ਦੇ ਰੂਪ ਵਿੱਚ ਰਹਿੰਦਾ ਸੀ - ਉਸਦੀ ਕਮਰ ਦੁਆਲੇ ਚਮੜੇ ਦੀ ਇੱਕ ਪੇਟੀ ਹੁੰਦੀ ਸੀ।

ਪਰਮੇਸ਼ੁਰ ਨੇ ਇਸ ਆਦਮੀ ਨੂੰ ਦੇਖਿਆ, ਜੋ ਜੰਗਲ ਵਿੱਚ ਰਹਿੰਦਾ ਇੱਕ ਪਵਿੱਤਰ ਜੀਵਨ ਜੀਂਦਾ ਸੀ, ਅਤੇ ਉਸਨੂੰ ਆਪਣੀ ਸ਼ਾਨਦਾਰ ਯੋਜਨਾ ਨੂੰ ਪੂਰਾ ਕਰਨ ਲਈ ਚੁਣਿਆ। ਪਰਮੇਸ਼ੁਰ ਦੀ ਚੋਣ ਮਨੁੱਖ ਦੀ ਵਿਦਿਅਕ ਯੋਗਤਾ ਜਾਂ ਉਸ ਦੇ ਵਿੱਤੀ ਜਾਂ ਪਰਿਵਾਰਕ ਪਿਛੋਕੜ 'ਤੇ ਆਧਾਰਿਤ ਨਹੀਂ ਹੁੰਦੀ। ਏਲੀਯਾਹ ਦੀ ਇੱਕੋ-ਇੱਕ ਯੋਗਤਾ ਇਹ ਸੀ ਕਿ ਉਹ ਹਮੇਸ਼ਾ ਪਰਮੇਸ਼ੁਰ ਦੀ ਆਵਾਜ਼ ਸੁਣਨ ਲਈ ਤਿਆਰ ਰਹਿੰਦਾ ਸੀ ਅਤੇ ਉਹੀ ਕਰਦਾ ਸੀ ਜੋ ਯਹੋਵਾਹ ਕਹਿੰਦਾ ਸੀ। ਪਰਮੇਸ਼ੁਰ ਨੇ ਉਸਨੂੰ ਰਾਜਾ ਅਹਾਬ ਅਤੇ ਰਾਜਾ ਅਹਜ਼ਯਾਹ ਦੇ ਰਾਜ ਦੌਰਾਨ ਇੱਕ ਨਬੀ ਬਣਾਇਆ। ਏਲੀਯਾਹ ਦੇ ਦਿਨਾਂ ਵਿੱਚ, ਆਮਰੀ ਦਾ ਪੁੱਤਰ ਅਹਾਬ ਇਸਰਾਏਲ ਦਾ

(ਚਲਦਾ ਸਫਾ 3-)

# ECHO OF HIS CALL - (1969-2019 GOLDEN JUBILEE YEAR)

## *from your dearly beloved brother...*





"ਯਹੋਵਾਹ ਦਿਆਲੂ ਅਰ ਕਿਰਪਾਲੂ ਹੈ, ਕ੍ਰੋਧ ਵਿੱਚ ਧੀਮਾ ਅਤੇ ਦਯਾ ਵਿੱਚ ਮਹਾਨ ਹੈ।"ਜ਼ਬੂਰ 145:8.

ਯਿਸੂ ਮਸੀਹ ਵਿੱਚ ਪਿਆਰੇ ਮਿੱਤਰੋ,

ਅਸੀਂ ਤੁਹਾਨੂੰ ਸਾਡੇ ਪ੍ਰਭੂ ਅਤੇ ਮੁਕਤੀਦਾਤਾ ਯਿਸੂ ਮਸੀਹ ਦੇ ਮਿੱਠੇ ਨਾਮ ਵਿੱਚ ਸ਼ੁਭਕਾਮਨਾਵਾਂ ਦਿੰਦੇ ਹਾਂ।

ਸਾਡੀਆਂ ਵੱਖ-ਵੱਖ ਸੇਵਕਾਈਆਂ ਅਤੇ ਸੇਵਕਾਂ ਪ੍ਰਤੀ ਤੁਹਾਡੇ ਪਿਆਰ ਅਤੇ ਚਿੰਤਾ ਲਈ ਅਸੀਂ ਤੁਹਾਡੇ ਧੰਨਵਾਦੀ ਹਾਂ। ਅਸੀਂ ਤੁਹਾਡੀ ਪਿਆਰ ਭਰੀ ਦਿਆਲਤਾ ਦੁਆਰਾ ਬਹੁਤ ਉਤਸ਼ਾਹਿਤ ਹਾਂ। ਪ੍ਰਮੇਸ਼ਵਰ ਤੁਹਾਡਾ ਭਲਾ ਕਰੇ।

ਸਾਡੇ ਨਹਮਯਾਹ ਬਾਈਬਲ ਕਾਲਜ ਦੇ ਚੇਅਰਮੈਨ ਪਾਸਟਰ ਐਮ. ਮੁਥੂ ਦੀ ਸਿਹਤ ਵਿੱਚ ਸੁਧਾਰ ਹੋ ਰਿਹਾ ਹੈ। ਅਸੀਂ ਆਪਣੇ ਸਾਰੇ ਮਿੱਤਰਾਂ ਦਾ ਧੰਨਵਾਦ ਕਰਦੇ ਹਾਂ ਜੋ ਉਨ੍ਹਾਂ ਲਈ ਪ੍ਰਾਰਥਨਾ ਕਰ ਰਹੇ ਹਨ। ਕਿਰਪਾ ਕਰਕੇ ਪ੍ਰਾਰਥਨਾ ਕਰਦੇ ਰਹੋ।

ਜਿਵੇਂ ਕਿ ਤੁਸੀਂ ਜਾਣਦੇ ਹੋ, ਅਸੀਂ ਬੁਲਾਵੇ ਦੀ ਗੂੰਜ ਮੈਗਜ਼ੀਨ, ਹਿੰਦੀ/ਉੜੀਆ ਭਾਸ਼ਾਵਾਂ ਅਤੇ ਤਾਮਿਲ ਭਾਸ਼ਾ ਵਿੱਚ ਨਹਮਯਾਹ ਬਾਈਬਲ ਕਾਲਜ, ਸੇਂਟ ਪੌਲਜ਼ ਮੈਟ੍ਰਿਕ ਸਕੂਲ, ਚਰਚ ਆਦਿ ਦੀਆਂ ਗਤੀਵਿਧੀਆਂ ਵਿੱਚ ਬਹੁਤ ਰੁੱਝੇ ਹੋਏ ਹਾਂ। ਪ੍ਰਮੇਸ਼ਵਰ ਸਾਡੀਆਂ ਚੇਨੰਈ ਸ਼ਹਿਰ ਦੇ ਅੰਦਰ ਅਰ ਬਾਹਰ ਦੀਆਂ ਸਾਰੀਆਂ ਗਤੀਵਿਧੀਆਂ ਅਤੇ ਯਾਤਰਾਵਾਂ ਵਿੱਚ ਅਸੀਸ ਦੇ ਰਿਹਾ ਹੈ। ਅਸੀਂ ਅਗਲੇ ਅੰਕ ਵਿੱਚ ਟੋਏ ਤੋਂ ਮਹੱਲ ਦੇ ਤਹਿਤ ਆਪਣਾ ਸੰਦੇਸ਼ ਜਾਰੀ ਰੱਖਾਂਗੇ, ਕਿਉਂਕਿ ਅਸੀਂ ਇਸ ਮਹੀਨੇ ਬਹੁਤ ਵਿਅਸਤ ਹਾਂ।

ਇਸ ਤੋਂ ਅੱਗੇ, ਸਾਡੇ ਪਿਆਰੇ ਭਰਾ ਅਤੇ ਬੁਲਾਵੇ ਦੀ ਗੂੰਜ ਮਾਸਿਕ ਮੈਗਜ਼ੀਨ ਦੇ ਸੀਨੀਅਰ ਐਸੋਸੀਏਟ ਐਡੀਟਰ, ਬ੍ਰ. ਮੈਨੂਅਲ ਐਮ. ਪੌਲਰਾਜ 25 ਮਈ 2022 ਨੂੰ ਜਲਾਲ ਵਿੱਚ ਦਾਖਲ ਹੋਏ ਸਨ। ਕਿਰਪਾ ਕਰਕੇ ਉਹਨਾਂ ਦੇ ਪਰਿਵਾਰ ਨੂੰ ਆਪਣੀਆਂ ਪ੍ਰਾਰਥਨਾਵਾਂ ਵਿੱਚ ਯਾਦ ਰੱਖੋ। ਜਦੋਂ ਉਹ ਬੀਮਾਰ ਸਨ ਤਾਂ ਅਸੀਂ ਉਨ੍ਹਾਂ ਲਈ ਪ੍ਰਾਰਥਨਾ ਕਰਨ ਲਈ ਤੁਹਾਡੇ ਧੰਨਵਾਦੀ ਹਾਂ।

ਪ੍ਰਮੇਸ਼ਵਰ ਦੀ ਕਿਰਪਾ ਨਾਲ ਸਾਡੇ ਨਹਮਯਾਹ ਬਾਈਬਲ ਕਾਲਜ ਦੀ 23ਵੀਂ ਗ੍ਰੈਜੂਏਸ਼ਨ ਸੇਵਾ 3 ਜੂਨ, 2022 ਨੂੰ ਆਯੋਜਿਤ ਕੀਤੀ ਗਈ ਸੀ। 23 ਵਿਦਿਆਰਥੀ ਗ੍ਰੈਜੂਏਟ ਹੋਏ ਅਰ ਭਾਰਤ ਦੇ ਅਪਹੁੰਚ ਹਿੱਸਿਆਂ ਤੱਕ ਪਹੁੰਚਣ ਦੇ ਜੋਸ਼ ਨਾਲ ਮਿਸ਼ਨ ਦੇ ਕੰਮ ਲਈ ਵੱਖ ਕੀਤੇ ਗਏ।

ਪ੍ਰਭੂ ਦੀ ਕਿਰਪਾ ਨਾਲ, ਸਾਡਾ ਨਹਮਯਾਹ ਬਾਈਬਲ ਕਾਲਜ (ਇਵਨਿੰਗ ਕੋਰਸ ਤਮਿਲ ਵਿੱਚ ਅਤੇ ਰਿਹਾਇਸ਼ੀ ਕੋਰਸ ਹਿੰਦੀ/ਉੜੀਆ ਵਿੱਚ) 6 ਜੂਨ, 2022 ਨੂੰ ਦੁਬਾਰਾ ਖੋਲ੍ਹਿਆ ਗਿਆ ਸੀ ਅਤੇ ਕਲਾਸਾਂ ਪੂਰੀ ਤਰ੍ਹਾਂ ਨਾਲ ਚੱਲ ਰਹੀਆਂ ਹਨ। ਇਸੇ ਤਰ੍ਹਾਂ ਸਾਡਾ ਸੇਂਟ ਪੌਲ ਮੈਟ੍ਰਿਕੁਲੇਸ਼ਨ ਸਕੂਲ ਵੀ 13 ਜੂਨ, 2022 ਨੂੰ ਮੁੜ ਖੋਲ੍ਹਿਆ ਗਿਆ। ਕਿਰਪਾ ਕਰਕੇ ਇਨ੍ਹਾਂ ਸੰਸਥਾਵਾਂ ਦੀ ਸਫਲਤਾ ਲਈ ਪ੍ਰਾਰਥਨਾ ਕਰੋ।

ਇਨ੍ਹਾਂ ਦਿਨਾਂ ਵਿੱਚ, ਅਸੀਂ ਆਪਣੇ ਸਹਿ-ਕਰਮੀਆਂ ਦੇ ਪਰਿਵਾਰਾਂ ਦੇ ਸਾਰੇ ਮੈਂਬਰਾਂ ਲਈ ਤੁਹਾਡੀਆਂ ਵੱਧ ਤੋਂ ਵੱਧ ਪ੍ਰਾਰਥਨਾਵਾਂ ਦੀ ਬੇਨਤੀ ਕਰਦੇ ਹਾਂ ਕਿਉਂਕਿ ਸਾਡੇ ਪਰਿਵਾਰ ਦੇ ਕੁਝ ਮੈਂਬਰਾਂ ਨੂੰ ਸਰੀਰਕ ਤੌਰ 'ਤੇ ਪ੍ਰਮੇਸ਼ਵਰ ਦੀ ਛੋਹ ਦੀ ਜ਼ਰੂਰਤ ਹੈ।

ਕਿਰਪਾ ਕਰਕੇ ਪ੍ਰਮਾਤਮਾ ਦੇ ਰਾਜ ਦੇ ਵਿਸਤਾਰ ਲਈ ਸਾਡੀਆਂ ਬਹੁਭਾਂਤੀ ਸੇਵਕਾਈਆਂ ਦੀਆਂ ਸਾਰੀਆਂ ਜ਼ਰੂਰਤਾਂ ਨੂੰ ਯਾਦ ਰੱਖੋ।

ਪ੍ਰਮੇਸ਼ਵਰ ਤੁਹਾਨੂੰ ਭਰਪੂਰ ਤਰੱਕੀ ਦੇਵੇ!

ਪ੍ਰਭੂ ਯਿਸੂ ਵਿੱਚ ਤੁਹਾਡੇ ਭਰਾ ਅਰ ਸੇਵਕ,

ਪਾ: ਐੱਸ. ਸੈਮ ਸੇਲਵਾ ਰਾਜ ਅਲੈਕਸ ਸੈਮਸਨ ਸੈਮ।
(+91) 98412 71858 / 98410 71858,
E.mail : samselvaraj333@gmail.com

### ਸਾਡੀ ਮਿਸ਼ਨ ਨੀਤੀ

ਸਾਨੂੰ ਵਰਤਮਾਨ ਨੌਜਵਾਨ ਪੀੜ੍ਹੀ ਨੂੰਮਿਲਾਵਟ ਰਹਿਤ ਬਾਈਬਲ ਦੀਆਂਸਿੱਖਿਆਵਾਂ ਅਤੇ ਅਰੰਭਕ ਰਸੂਲਾਂ ਦੀਆਂ ਸਿੱਖਿਆਵਾਂ ਸਿਖਾਉਣ ਦੀ ਲੋੜ ਹੈ। ਇਹੀ ਇਸ ਸਮੇਂ ਦੀ ਮੰਗ ਹੈ

**CHIEF EDITOR**
Angeline Selvakumari Henry, M.A., M.Ed.

**MANAGING EDITOR**
Pastor Alex Samson Sam, B.Th., M.Div.

**ADMINISTRATION**
Bro. N. Prakasam, M.A., General Manager

**EDITORIAL BOARD**
Sis. Jesy Veena Sam
Bro. M. Paulraj, M.A., B.Ed.
Sis. Serena Bevin, M.A., M.Phil., B.Ed.

**EDITOR, PUBLISHER & PRINTER**
Pastor S. SAM SELVA RAJ
Echo of His Call Printers
10, Mohammed Abdullah 2nd Street,
Chepauk, Chennai- 600 005, India.
Phone : (+ 91- 44) 2852 8282, 2852 9293, 2854 7766
Cell : (+91) 98410 71852, 95661 31858

**E.mail ID**
sam@echoofhiscall.org
biblecor@yahoo.co.in

**WEBSITES**
www.echoofhiscall.org
www.stpaulsmatriculation.com

**YOUTUBE CHANNEL**
Echo of His Call

**Our Ministries:** ECHO OF HIS CALL Monthly Magazines (16 languages) · BIBLECOR - Postal Courses (3 languages) · Online Courses · Theological Correspondence Courses (2 languages) · Church Planting · Nehemiah Bible Colleges · Gospel Printing Press · Great Commission Partners · St. Paul's Matriculation School · Crusades · Community Development

(ਚਲਦਾ ਸਫਾ 1 ਤੋਂ)

ਰਾਜਾ ਬਣਿਆ ਅਤੇ ਉਸ ਨੇ ਯਹੋਵਾਹ ਦੀ ਨਿਗਾਹ ਵਿੱਚ ਆਪਣੇ ਤੋਂ ਪਹਿਲੇ ਰਾਜਿਆਂ ਨਾਲੋਂ ਵੱਧ ਬੁਰਾਈ ਕੀਤੀ। ਉਸਨੇ ਨਬਾਤ ਦੇ ਪੁੱਤਰ ਯਾਰੋਬੁਆਮ ਦੇ ਪਾਪ ਕਰਨ ਨੂੰ ਨਾ ਸਿਰਫ਼ ਮਾਮੂਲੀ ਸਮਝਿਆ, ਸਗੋਂ ਉਸਨੇ ਸੀਦੋਨੀਆਂ ਦੇ ਰਾਜੇ ਅਥਬਆਲ ਦੀ ਧੀ ਈਜ਼ਬਲ ਨਾਲ ਵੀ ਵਿਆਹ ਕੀਤਾ, ਅਤੇ ਬਆਲ ਦੀ ਪੂਜਾ ਕਰਨ ਲੱਗ ਪਿਆ। ਉਸਨੇ ਬਆਲ ਦੇ ਮੰਦਰ ਵਿੱਚ ਬਾਲ ਲਈ ਇੱਕ ਜਗਵੇਦੀ ਬਣਾਈ ਜੋ ਉਸਨੇ ਸਾਮਰੀਆ ਵਿੱਚ ਬਣਾਇਆ ਸੀ (1 ਰਾਜਿਆਂ 16:30-32)। ਇੱਕ ਇਜ਼ਰਾਈਲੀ ਰਾਜਾ ਸਵਰਗ ਅਤੇ ਧਰਤੀ ਦੇ ਪਰਮੇਸ਼ੁਰ ਦੀ ਪੂਜਾ ਕਰਨ ਦੀ ਬਜਾਏ, ਇੱਕ ਮੂਰਤੀ ਦੇਵਤੇ ਦੀ ਪੂਜਾ ਕਰ ਰਿਹਾ ਸੀ।

## 1. ਏਲੀਯਾਹ ਨੇ ਕਿਹਾ ਕਿ ਮੀਂਹ ਨਹੀਂ ਪਵੇਗਾ ਅਤੇ ਮੀਂਹ ਨਹੀਂ ਪਿਆ

ਏਲੀਯਾਹ ਨੇ ਪਰਮੇਸ਼ੁਰ ਦਾ ਬਚਨ ਰਾਜਾ ਅਹਾਬ ਨੂੰ ਕਿਹਾ, "ਮੇਰੇ ਬਚਨ ਤੋਂ ਬਿਨਾਂ, ਇਹਨਾਂ ਸਾਲਾਂ ਵਿੱਚ ਨਾ ਤਾਂ ਤ੍ਰੇਲ ਪਵੇਗੀ ਅਤੇ ਨਾ ਹੀ ਬਾਰਿਸ਼ ਹੋਵੇਗੀ।" ਜਿਵੇਂ ਉਸ ਨੇ ਕਿਹਾ ਸੀ ਕਿ ਤਿੰਨ ਸਾਲ ਛੇ ਮਹੀਨੇ ਮੀਂਹ ਨਹੀਂ ਪਿਆ। ਉਹ ਰਾਜੇ ਦੇ ਸਾਮ੍ਹਣੇ ਖਲੋਣ ਅਤੇ ਯਹੋਵਾਹ ਦੀਆਂ ਗੱਲਾਂ ਦੱਸਣ ਤੋਂ ਨਹੀਂ ਡਰਿਆ।

ਏਲੀਯਾਹ ਇੱਕ ਪਵਿੱਤਰ ਅਤੇ ਧਰਮੀ ਆਦਮੀ ਸੀ ਜਿਸਦਾ ਪਰਮੇਸ਼ੁਰ ਉੱਤੇ ਬਹੁਤ ਵਿਸ਼ਵਾਸ ਸੀ। ਉਹ ਬਹਾਦਰ ਸੀ ਅਰ ਕਦੇ ਵੀ ਨਤੀਜਿਆਂ ਤੋਂ ਨਹੀਂ ਡਰਿਆ ਸੀ।

## 2. ਉਹ ਇੱਕ ਆਗਿਆਕਾਰੀ ਨਬੀ ਸੀ

ਪਰਮੇਸ਼ੁਰ ਨੇ ਏਲੀਯਾਹ ਨੂੰ ਕਿਹਾ, "ਇਥੋਂ ਚੱਲ ਦੇ ਅਰ ਆਪਣਾ ਮੁਹਾਣਾ ਪੂਰਬ ਵੱਲ ਫੇਰ ਅਤੇ ਆਪ ਨੂੰ ਕਰੀਥ ਦੇ ਨਾਲੇ ਕੋਲ ਲੁਕਾ ਲੈ..." (1 ਰਾਜਿਆਂ 17:3)। ਉਹ ਉਸ ਥਾਂ ਤੇ ਗਿਆ ਜਿਵੇਂ ਯਹੋਵਾਹ ਨੇ ਕਿਹਾ ਸੀ। ਜਿਵੇਂ ਯਹੋਵਾਹ ਨੇ ਵਾਅਦਾ ਕੀਤਾ ਸੀ, ਕਾਵਾਂ ਨੇ ਉਸਨੂੰ ਸਵੇਰੇ ਅਤੇ ਸ਼ਾਮ ਰੋਟੀ ਅਤੇ ਮਾਸ ਖਿਲਾਇਆ। ਕਾਫੀ ਦੇਰ ਤੱਕ ਮੀਂਹ ਨਾ ਪੈਣ ਕਾਰਨ ਉਹ ਨਾਲਾ ਸੁੱਕ ਗਿਆ। ਤਦ ਪਰਮੇਸ਼ੁਰ ਨੇ ਉਸ ਨੂੰ ਕਿਹਾ, "ਉੱਠ, ਸੀਦੋਨ ਦੇ ਸਾਰਫਥ ਦੀ ਇੱਕ ਵਿਧਵਾ ਕੋਲ ਜਾ।" ਏਲੀਯਾਹ ਨੇ ਇਸ ਹੁਕਮ ਦੀ ਵੀ ਪਾਲਣਾ ਕੀਤੀ। ਸਾਰਫਥ ਵਿਖੇ, ਉਹ ਵਿਧਵਾ ਨੂੰ ਮਿਲਿਆ, ਅਤੇ ਉਸ ਤੋਂ ਰੋਟੀ ਅਤੇ ਪਾਣੀ ਮੰਗਿਆ। ਉਸਨੇ ਉਸਨੂੰ ਉਹ ਦਿੱਤਾ ਜੋ ਉਸਨੇ ਮੰਗਿਆ ਹਾਲਾਂਕਿ ਉਸਦੇ ਕੋਲ ਬਹੁਤ ਘੱਟ ਬਚਿਆ ਸੀ। ਇਸ ਲਈ ਉਸ ਵਿਧਵਾ ਨੂੰ ਬਹੁਤ ਸਾਰੀਆਂ ਬਰਕਤਾਂ ਪ੍ਰਾਪਤ ਹੋਈਆਂ, ਜਦੋਂ ਤੱਕ ਧਰਤੀ ਮੀਂਹ ਨਾ ਪਿਆ ਉਸ ਕੋਲ ਆਟਾ ਅਰ ਤੇਲ ਖ਼ਤਮ ਨਾ ਹੋਇਆ। ਬਾਅਦ ਵਿਚ ਜਦੋਂ ਉਸ ਦਾ ਪੁੱਤਰ ਮਰ ਗਿਆ ਤਾਂ ਏਲੀਯਾਹ ਨੇ ਉਸ ਨੂੰ ਦੁਬਾਰਾ ਜੀਉਂਦਾ ਕੀਤਾ।

## 3. ਉਹ ਇੱਕ ਬਹਾਦਰ ਨਬੀ ਸੀ (1 ਰਾਜਿਆਂ 18:18-39)

ਫਿਰ ਪਰਮੇਸ਼ੁਰ ਨੇ ਏਲੀਯਾਹ ਨੂੰ ਰਾਜਾ ਅਹਾਬ ਦੇ ਸਾਹਮਣੇ ਜਾਣ ਲਈ ਕਿਹਾ, ਏਲੀਯਾਹ ਨੇ ਅਹਾਬ ਨੂੰ ਸਮੁੱਚੇ ਇਸਰਾਏਲ ਸਮੇਤ ਕਰਮਲ ਪਰਬਤ ਉੱਤੇ ਅਤੇ ਬਆਲ ਦੇ ਸਾਰੇ 450 ਨਬੀਆਂ ਅਤੇ ਅਸ਼ੇਰਾਹ ਦੇ 400 ਨਬੀਆਂ ਨੂੰ ਇਕੱਠਾ ਕਰਨ ਲਈ ਕਿਹਾ। ਏਲੀਯਾਹ ਨੇ ਲੋਕਾਂ ਨੂੰ ਪੁੱਛਿਆ, "ਤੁਸੀਂ ਦੋ ਵਿਚਾਰਾਂ ਵਿਚਕਾਰ ਕਿੰਨਾ ਕੁ ਚਿਰ ਲਟਕੇ ਰਹੋਗੇ? ਜੇ ਯਹੋਵਾਹ ਪਰਮੇਸ਼ੁਰ ਹੈ ਤਾਂ ਉਸ ਦਾ ਅਨੁਸਰਣ ਕਰੋ, ਪਰ ਜੇ ਬਆਲ ਹੈ ਪ੍ਰਭੂ ਹੈ ਤਾਂ ਉਸ ਦੀ ਵੱਲ ਹੋ ਜਾਓ।" ਉਸਨੇ ਅੱਗੇ ਕਿਹਾ, "ਸਾਨੂੰ ਦੋ ਬਲਦ ਦਿੱਤੇ ਜਾਣ। ਅਤੇ ਉਹ ਆਪਣੇ ਲਈ ਇੱਕ ਬਲਦ ਚੁਣ ਲੈਣ ਅਤੇ ਇਸਨੂੰ ਟੁਕੜਿਆਂ ਵਿੱਚ ਕੱਟ ਕੇ ਲੱਕੜ ਉੱਤੇ ਰੱਖਣ ਪਰ ਇਸਦੇ ਹੇਠਾਂ ਅੱਗ ਨਾ ਬਾਲਣ ਅਤੇ ਮੈਂ ਦੂਜੇ ਬਲਦ ਨੂੰ ਤਿਆਰ ਕਰਾਂਗਾ ਅਤੇ ਇਸਨੂੰ ਲੱਕੜ ਉੱਤੇ ਰੱਖਾਂਗਾ, ਪਰ ਇਸਦੇ ਹੇਠਾਂ ਅੱਗ ਨਾ ਬਾਲਾਂਗਾ। ਤਦ ਤੁਸੀਂ ਆਪਣੇ ਦੇਵਤਿਆਂ ਦੇ ਨਾਮ ਨੂੰ ਪੁਕਾਰਨਾ, ਅਤੇ ਮੈਂ ਯਹੋਵਾਹ ਦੇ ਨਾਮ ਨੂੰ ਪੁਕਾਰਾਂਗਾ; ਅਤੇ ਪਰਮੇਸ਼ੁਰ ਜੋ ਅੱਗ ਦੁਆਰਾ ਜਵਾਬ ਦੇਵੇ, ਉਹੀ ਪਰਮੇਸ਼ੁਰ ਹੈ।" ਤਾਂ ਸਾਰੇ ਲੋਕਾਂ ਨੇ ਕਿਹਾ, "ਇਹ ਚੰਗੀ ਗੱਲ ਹੈ।" ਹੁਣ ਏਲੀਯਾਹ ਨੇ ਬਆਲ ਦੇ ਨਬੀਆਂ ਨੂੰ ਕਿਹਾ, "ਆਪਣੇ ਲਈ ਇੱਕ ਬਲਦ ਚੁਣੋ ਅਤੇ ਪਹਿਲਾਂ ਇਸਨੂੰ ਤਿਆਰ ਕਰੋ ਕਿਉਂਕਿ ਤੁਸੀਂ ਬਹੁਤ ਸਾਰੇ ਹੋ। ਅਤੇ ਆਪਣੇ ਦੇਵਤੇ ਦਾ ਨਾਮ ਲੈ ਕੇ ਪੁਕਾਰੋ, ਪਰ ਉਸ ਦੇ ਹੇਠਾਂ ਅੱਗ ਨਾ ਲਗਾਓ।" ਇਸ ਲਈ ਉਨ੍ਹਾਂ ਨੇ ਉਹ ਬਲਦ ਲਿਆ ਅਤੇ ਉਹ ਨੂੰ ਤਿਆਰ ਕੀਤਾ ਅਤੇ ਸਵੇਰ ਤੋਂ ਦੁਪਹਿਰ ਤੱਕ ਬਆਲ ਦਾ ਨਾਮ ਪੁਕਾਰਦੇ ਰਹੇ, ਬਆਲ, ਸਾਡੀ ਸੁਣੋ। !'" ਉਨ੍ਹਾਂ ਨੇ ਆਪਣੇ ਸਰੀਰ ਨੂੰ ਚਾਕੂਆਂ ਅਤੇ ਲਾਂਸਾਂ ਨਾਲ ਕੱਟਿਆ ਅਤੇ ਉਨ੍ਹਾਂ ਵਿੱਚੋਂ ਖੂਨ ਨਿਕਲਿਆ। ਪਰ ਕੋਈ ਆਵਾਜ਼ ਨਾ ਆਈ; ਕਿਸੇ ਨੇ ਜਵਾਬ ਨਹੀਂ ਦਿੱਤਾ। ਅੰਤ ਉਨ੍ਹਾਂ ਨੇ ਹਾਰ ਮੰਨ ਲਈ।

ਫਿਰ ਏਲੀਯਾਹ ਨੇ ਯਹੋਵਾਹ ਦੇ ਨਾਮ ਉੱਤੇ ਪੱਥਰਾਂ ਨਾਲ ਇੱਕ ਜਗਵੇਦੀ ਬਣਾਈ। ਉਸਨੇ ਜਗਵੇਦੀ ਦੇ ਦੁਆਲੇ ਇੱਕ ਖਾਈ ਪੁੱਟੀ। ਉਸ ਨੇ ਲੱਕੜਾਂ ਨੂੰ ਤਰਤੀਬਵਾਰ ਰੱਖਿਆ, ਬਲਦ ਨੂੰ ਟੁਕੜੇ-ਟੁਕੜੇ ਕਰ ਕੇ ਲੱਕੜੀ 'ਤੇ ਰੱਖ ਦਿੱਤਾ ਅਤੇ ਕਿਹਾ, 'ਚਾਰ ਘੜੇ ਪਾਣੀ ਨਾਲ ਭਰ ਕੇ ਬਲੀ ਅਤੇ ਲੱਕੜ 'ਤੇ ਡੋਲ੍ਹ ਦਿਓ। ਤਦ ਉਸਨੇ ਕਿਹਾ, ਅਜਿਹਾ ਹੀ ਦੂਜੀ ਵਾਰ ਵੀ ਕਰੋ, ਅਤੇ ਉਨ੍ਹਾਂ ਨੇ ਇਹ ਦੂਜੀ ਵਾਰ ਵੀ ਕੀਤਾ; ਅਤੇ ਉਸਨੇ ਕਿਹਾ, 'ਇਹ ਤੀਜੀ ਵਾਰ ਵੀ ਕਰੋ।' ਅਤੇ ਉਨ੍ਹਾਂ ਨੇ ਤੀਜੀ ਵਾਰ ਵੀ ਕੀਤਾ। ਇਸ ਲਈ ਪਾਣੀ ਜਗਵੇਦੀ ਦੇ ਚਾਰੇ ਪਾਸੇ ਵਗਿਆ; ਅਤੇ ਉਸਨੇ ਖਾਈ ਨੂੰ ਵੀ ਪਾਣੀ ਨਾਲ ਭਰ ਦਿੱਤਾ।

ਅਤੇ ਇਸ ਤਰ੍ਹਾਂ ਹੋਇਆ ਕਿ ਸ਼ਾਮ ਦੀ ਬਲੀ ਚੜ੍ਹਾਉਣ ਦੇ ਸਮੇਂ ਏਲੀਯਾਹ ਨਬੀ ਨੇ ਨੇੜੇ ਆ ਕੇ ਕਿਹਾ, "ਯਹੋਵਾਹ ਅਬਰਾਹਾਮ, ਇਸਹਾਕ ਅਤੇ ਇਸਰਾਏਲ ਦੇ ਪਰਮੇਸ਼ੁਰ, ਅੱਜ ਦੇ ਦਿਨ ਇਹ ਜਾਣਿਆ ਜਾਵੇ ਕਿ ਤੂੰ ਹੀ ਇਸਰਾਏਲ ਵਿੱਚ ਪਰਮੇਸ਼ੁਰ ਹੈਂ ਅਤੇ ਉਹ ਮੈਂ ਤੇਰਾ ਦਾਸ ਹਾਂ, ਅਤੇ ਇਹ ਕਿ ਮੈਂ ਇਹ ਸਭ ਕੁਝ ਤੇਰੇ ਬਚਨ ਅਨੁਸਾਰ ਕੀਤਾ ਹੈ" (1 ਰਾਜਿਆਂ 18:36)।

ਤਦ ਯਹੋਵਾਹ ਵੱਲੋਂ ਅੱਗ ਆਈ ਅਤੇ ਹੋਮ ਬਲੀ ਅਤੇ ਲੱਕੜਾਂ, ਪੱਥਰਾਂ ਅਤੇ ਧੂੜ ਨੂੰ ਵੀ ਭਸਮ ਕਰ ਦਿੱਤਾ ਅਤੇ ਖਾਈ ਵਿਚਲੇ ਪਾਣੀ ਨੂੰ ਚੱਟ ਕਰ ਲਿਆ। ਹੁਣ ਜਦੋਂ ਸਾਰੇ ਲੋਕਾਂ ਨੇ ਇਹ ਦੇਖਿਆ, ਉਹ ਮੂੰਹ ਦੇ ਭਾਰ ਡਿੱਗ ਪਏ; ਅਤੇ ਉਨ੍ਹਾਂ ਨੇ ਕਿਹਾ, "ਯਹੋਵਾਹ ਹੀ ਪਰਮੇਸ਼ੁਰ ਹੈ! ਯਹੋਵਾਹ ਹੀ ਪਰਮੇਸ਼ੁਰ ਹੈ!" ਏਲੀਯਾਹ ਨੇ ਸਵਰਗ ਤੋਂ ਅੱਗ ਲਿਆ ਕੇ ਇਸਰਾਏਲ ਦੁਚਿੱਤੇ ਲੋਕਾਂ ਸਾਹਮਣੇ ਸਾਬਤ ਕੀਤਾ ਕਿ "ਯਹੋਵਾਹ ਹੀ ਪਰਮੇਸ਼ੁਰ ਹੈ"।

ਸਾਡੇ ਜ਼ਮਾਨੇ ਵਿਚ, ਪਰਮੇਸ਼ੁਰ ਦੇ ਅਜਿਹੇ ਸੇਵਕਾਂ ਅਤੇ ਪੈਗੰਬਰਾਂ ਦਾ ਮਿਲਣਾ ਬਹੁਤ ਮੁਸ਼ਕਲ ਹੈ। ਅੱਜਕੱਲ੍ਹ ਜਦੋਂ ਕੋਈ ਚਮਤਕਾਰ ਹੋ ਜਾਵੇ, ਜਾਂ ਕੋਈ ਭਵਿੱਖਬਾਣੀ ਪੂਰੀ ਹੋ ਜਾਵੇ, ਤਾਂ ਰੱਬ ਦੇ ਕਈ ਸੇਵਕ ਆਖਦੇ ਹਨ ਕਿ ਇਹ ਉਨ੍ਹਾਂ ਦੀ ਪ੍ਰਾਰਥਨਾ ਨਾਲ ਹੋਇਆ ਹੈ। ਕੀ ਇਹ ਸੱਚ ਨਹੀਂ ਹੈ ਕਿ ਰੱਬ ਦੇ ਉਹ ਸੇਵਕ ਅਰ ਉਨ੍ਹਾਂ ਦੀ ਕੈਮਰਾ ਟੀਮ ਆਪਣੇ ਸਾਰੇ ਮੀਡੀਆ, ਸਾਜ਼ੋ-ਸਾਮਾਨ ਨਾਲ ਅਜਿਹੇ ਘਰਾਂ ਵਿੱਚ ਜਾ ਕੇ ਉਨ੍ਹਾਂ ਪਰਿਵਾਰਕ ਮੈਂਬਰਾਂ ਦੇ ਆਲੇ-ਦੁਆਲੇ ਡੇਰੇ ਲਾ ਕੇ ਇਸ ਨੂੰ ਧੰਦਾ ਬਣਾ ਲੈਂਦੇ ਹਨ? ਅਜਿਹੇ ਕਾਰੋਬਾਰੀ ਨਬੀਆਂ ਦਾ ਸਮਰਥਨ ਕਰਨ ਵਾਲੇ ਲੋਕ ਵੀ ਵਧ ਰਹੇ ਹਨ। ਇਹ ਪਰਮੇਸ਼ੁਰ ਹੈ ਜੋ ਚਮਤਕਾਰ ਕਰਦਾ ਹੈ। ਯਿਸੂ ਨੇ ਕਿਹਾ, "ਤੁਹਾਨੂੰ ਮੁਫ਼ਤ ਵਿੱਚ ਮਿਲਿਆ ਹੈ, ਮੁਫ਼ਤ ਵਿੱਚ ਦਿਓ" (ਮੱਤੀ 10:8)।

## II ਅਲੀਸ਼ਾ ਨਬੀ

ਪ੍ਰਭੂ ਦੁਆਰਾ ਕਹੇ ਅਨੁਸਾਰ ਨਬੀ ਏਲੀਯਾਹ, ਅਲੀਸ਼ਾ ਨੂੰ ਮਿਲਿਆ, ਜਦੋਂ ਉਹ ਬਲਦਾਂ ਦੇ ਬਾਰ੍ਹਵੇਂ ਜੋੜੇ ਨਾਲ ਹਲ ਚਲਾ ਰਿਹਾ ਸੀ ਅਤੇ ਉਸ ਨੇ ਆਪਣੀ ਗੋਦੜੀ ਉਸ ਉੱਤੇ ਪਾ ਦਿੱਤੀ। ਅਲੀਸ਼ਾ ਉਸਦੇ ਮਗਰ ਹੋ ਤੁਰਿਆ ਅਤੇ ਉਸ ਦਾ ਸੇਵਕ ਬਣ ਗਿਆ (1 ਰਾਜਿਆਂ 19:19)। ਏਲੀਯਾਹ ਨੂੰ ਪ੍ਰਭੂ ਦੁਆਰਾ ਜਿਉਂਦਾ ਉਠਾ ਲੈਣ ਤੋਂ ਬਾਅਦ, ਅਲੀਸ਼ਾ ਰਾਜਿਆਂ ਯੋਰਾਮ, ਯੇਹੂ ਅਤੇ ਯੋਆਸ਼ ਦੇ ਰਾਜ ਦੌਰਾਨ ਇੱਕ ਮਹਾਨ ਚਮਤਕਾਰ ਕਰਨ ਵਾਲਾ ਨਬੀ ਬਣ ਗਿਆ।

ਏਲੀਯਾਹ ਦੇ ਅਧੀਨ ਅਲੀਸ਼ਾ ਦੀ ਸਿਖਲਾਈ ਬਹੁਤ ਔਖੀ ਸੀ। ਜੋ ਕੋਈ ਵੀ ਇੱਛਾ ਨਾਲ ਆਪਣੇ ਆਪ ਨੂੰ ਸਖ਼ਤ ਮੇਹਨਤ ਅਤੇ ਸਖ਼ਤ ਸਿਖਲਾਈ ਵਿੱਚ ਸ਼ਾਮਲ ਕਰਦਾ ਹੈ, ਕੇਵਲ ਉਹੀ ਪਰਮੇਸ਼ੁਰ ਦਾ ਚੰਗਾ ਸੇਵਕ ਬਣ ਸਕਦਾ ਹੈ। ਉਹ ਲੋਕ ਕੋਈ ਮਹਾਨ ਪ੍ਰਾਪਤੀ ਨਹੀਂ ਕਰ ਸਕਦੇ ਜੋ ਸਖ਼ਤ ਮਿਹਨਤ, ਸਹੀ ਸਿਖਲਾਈ ਅਤੇ ਸਹੀ ਗਤੀਵਿਧੀਆਂ ਦੇ ਅਧੀਨ ਹੋਣ ਤੋਂ ਇਨਕਾਰ ਕਰਦੇ ਹਨ। ਉਹ ਲੋਕ, ਜੋ ਇਹ ਸੋਚਦੇ ਹਨ ਕਿ ਉਹ ਕੇਵਲ ਐਤਵਾਰ ਦੀਆਂ ਸੇਵਾਵਾਂ ਵਿਚ ਸ਼ਾਮਲ ਹੋ ਕੇ ਪ੍ਰਮੇਸ਼ਵਰ ਲਈ ਮਹਾਨ ਕੁਰਬਾਨੀ ਕਰ ਰਹੇ ਹਨ, ਉਹ ਪ੍ਰਮੇਸ਼ਵਰ ਦੇ ਮਹਾਨ ਸੇਵਕ ਨਹੀਂ ਬਣ ਸਕਦੇ।

### 1. ਅਲੀਸ਼ਾ ਉਸ ਵਿਅਕਤੀ ਨਾਲ ਇੱਕ ਹੋ ਗਿਆ ਜਿਸਨੇ ਉਸਨੂੰ ਸੇਵਕਾਈ ਲਈ ਬੁਲਾਇਆ

ਜਦੋਂ ਏਲੀਯਾਹ ਅਤੇ ਅਲੀਸ਼ਾ ਗਿਲਗਾਲ ਵਿੱਚ ਸੇਵਾ ਕਰ ਰਹੇ ਸਨ, ਤਾਂ ਏਲੀਯਾਹ ਨੇ ਅਚਾਨਕ ਅਲੀਸ਼ਾ ਨੂੰ ਕਿਹਾ, " ਇੱਥੇ ਠਹਿਰ ਜਾ, ਕਿਉਂਕਿ ਯਹੋਵਾਹ ਨੇ ਮੈਨੂੰ ਬੈਤੇਲ ਵਿੱਚ ਭੇਜਿਆ ਹੈ"। ਪਰ ਅਲੀਸ਼ਾ ਆਪਣੇ ਆਗੂ ਨੂੰ ਨਾ ਛੱਡਣ ਲਈ ਦ੍ਰਿੜ ਸੀ। ਇਸ ਲਈ ਉਸਨੇ ਜਵਾਬ ਦਿੱਤਾ, "ਜਿਉਂਦੇ ਪ੍ਰਭੂ, ਅਤੇ ਤੁਹਾਡੀ ਜਾਨ ਦੀ ਸਹੁੰ, ਮੈਂ ਤੁਹਾਨੂੰ ਨਹੀਂ ਛੱਡਾਂਗਾ।" ਇਸ ਤਰ੍ਹਾਂ ਉਹ ਏਲੀਯਾਹ ਦੇ ਪਿੱਛੇ-ਪਿੱਛੇ ਹੀ ਗਿਆ।

ਇਸ ਲਈ ਉਹ ਦੋਵੇਂ ਬੈਤੇਲ ਨੂੰ ਗਏ ਅਤੇ ਬੈਤੇਲ ਤੋਂ ਯਰੀਹੋ ਨੂੰ ਗਏ। ਫ਼ੇਰ ਯਰੀਹੋ ਤੋਂ ਉਹ ਯਰਦਨ ਨੂੰ ਗਏ। ਇਨ੍ਹਾਂ ਸਾਰੀਆਂ ਥਾਵਾਂ 'ਤੇ ਏਲੀਯਾਹ ਨੇ ਅਲੀਸ਼ਾ ਨੂੰ ਛੱਡਣ ਦੀ ਕੋਸ਼ਿਸ਼ ਕੀਤੀ। ਪਰ ਅਲੀਸ਼ਾ ਆਪਣੇ ਆਗੂ ਏਲੀਯਾਹ ਨੂੰ ਥੋੜ੍ਹੇ ਸਮੇਂ ਲਈ ਵੀ ਨਹੀਂ ਛੱਡਣਾ ਚਾਹੁੰਦਾ ਸੀ, ਪਰ ਜਿੱਥੇ ਵੀ ਉਹ ਜਾਂਦਾ ਸੀ ਆਪਣੇ ਆਗੂ ਦਾ ਪਿੱਛਾ ਕਰਦਾ ਸੀ।

ਯਰਦਨ ਵਿਖੇ ਵੀ, ਏਲੀਯਾਹ ਅਲੀਸ਼ਾ ਨੂੰ ਇਹ ਕਹਿ ਕੇ ਛੱਡਣਾ ਚਾਹੁੰਦਾ ਸੀ ਕਿ ਉਹ ਯਰਦਨ ਪਾਰ ਜਾ ਰਿਹਾ ਹੈ। ਪਰ ਅਲੀਸ਼ਾ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਵੀ ਉਸਦੇ ਨਾਲ ਹੀ ਪਾਰ ਜਾਵੇਗਾ। ਨਦੀ ਪਾਰ ਕਰਨ ਤੋਂ ਪਹਿਲਾਂ, ਨਬੀ ਏਲੀਯਾਹ ਨੇ ਆਪਣੀ ਚਾਦਰ ਨੂੰ ਘੁਮਾਇਆ ਅਤੇ ਪਾਣੀ ਉੱਤੇ ਮਾਰਿਆ। ਨਦੀ ਦੋ ਹਿੱਸਿਆਂ ਵਿੱਚ ਵੰਡੀ ਗਈ, ਉਹਨਾਂ ਦੇ ਪਾਰ ਜਾਣ ਲਈ ਰਸਤਾ ਬਣ ਗਿਆ। ਦੋਵੇਂ ਨਦੀ ਪਾਰ ਕਰ ਗਏ।

ਹੁਣ ਏਲੀਯਾਹ ਨੇ ਅਲੀਸ਼ਾ ਨੂੰ ਦੱਸਿਆ ਕਿ ਉਹ ਜਲਦੀ ਹੀ ਉਠਾ ਲਿਆ ਜਾਵੇਗਾ। "ਦੱਸ ਮੈਂ ਤੈਥੋਂ ਜੁਦਾ ਹੋਣ ਤੋਂ ਪਹਿਲਾਂ ਤੇਰੇ ਲਈ ਕੀ ਕਰਾਂ"। ਅਲੀਸ਼ਾ ਨੇ ਆਖਿਆ, "ਤੇਰੀ ਆਤਮਾ ਦਾ ਦੁੱਗਣਾ ਹਿੱਸਾ ਮੇਰੇ ਉੱਤੇ ਹੋਵੇ।" ਏਲੀਯਾਹ ਨੇ ਉਸਨੂੰ ਕਿਹਾ, "ਤੂੰ ਇੱਕ ਔਖੀ ਚੀਜ਼ ਮੰਗੀ ਹੈ। ਫਿਰ ਵੀ, ਜੇ ਤੂੰ ਮੈਨੂੰ ਉਦੋਂ ਦੇਖੇਂ ਜਦ ਮੈਂ ਤੈਥੋਂ ਲੈ ਲਿਆ ਜਾਵਾਂ, ਤਾਂ ਤੇਰੇ ਲਈ ਅਜਿਹਾ ਹੀ ਹੋਵੇਗਾ; ਪਰ ਜੇ ਨਹੀਂ, ਤਾਂ ਅਜਿਹਾ ਨਹੀਂ ਹੋਵੇਗਾ। ਅਤੇ ਜਿਵੇਂ ਹੀ ਅਲੀਸ਼ਾ ਏਲੀਯਾਹ ਨੂੰ ਧਿਆਨ ਨਾਲ ਦੇਖ ਰਿਹਾ ਸੀ, ਅਚਾਨਕ ਇੱਕ ਅਗਨ ਰਥ ਅਗਨ ਘੋੜਿਆਂ ਨਾਲ ਪ੍ਰਗਟ ਹੋਇਆ ਅਤੇ ਏਲੀਯਾਹ ਉਸ ਰੱਥ ਵਿੱਚ ਸਵਰਗ ਨੂੰ ਚਲਾ ਗਿਆ। ਅਲੀਸ਼ਾ ਚੀਕਿਆ ਅਤੇ ਵਿਰਲਾਪ ਕੀਤਾ ਕਿਉਂਕਿ ਉਸਦਾ ਆਗੂ ਚੁੱਕਿਆ ਗਿਆ ਸੀ। ਉਸਨੇ ਏਲੀਯਾਹ ਤੋਂ ਡਿੱਗੀ ਹੋਈ ਚਾਦਰ ਨੂੰ ਚੁੱਕਿਆ ਅਤੇ ਵਾਪਸ ਜਾ ਕੇ ਯਰਦਨ ਦੇ ਕੰਢੇ 'ਤੇ ਖੜ੍ਹਾ ਹੋ ਗਿਆ (2 ਰਾਜਿਆਂ 2:12-13)।

### 2. ਅਲੀਸ਼ਾ ਕਦੇ ਵੀ ਨਿਰਾਸ਼ ਨਹੀਂ ਹੋਇਆ

ਭਾਵੇਂ ਅਲੀਸ਼ਾ ਜਾਣਦਾ ਸੀ ਕਿ ਉਸ ਦੇ ਆਗੂ ਦੀਆਂ ਗੱਲਾਂ ਅਤੇ ਕੰਮਾਂ ਦੁਆਰਾ ਉਸ ਨੂੰ ਕਈ ਵਾਰ ਪਰਖਿਆ ਗਿਆ ਸੀ, ਪਰ ਉਹ ਕਦੇ ਨਿਰਾਸ਼ ਨਹੀਂ ਹੋਇਆ।

ਪਰਮੇਸ਼ੁਰ ਦੁਖੀ ਲੋਕਾਂ ਦੀ ਮਦਦ ਕਰਨ ਦੇ ਯੋਗ ਹੈ। ਉਹ ਕਦੇ ਵੀ ਸ਼ਰਮਿੰਦਾ ਨਹੀਂ ਹੋਣਗੇ। ਤੁਸੀਂ ਸ਼ਾਇਦ ਸੋਚੋ ਕਿ ਤੁਹਾਡੀ ਜ਼ਿੰਦਗੀ ਵਿਚ ਕੁਝ ਅਜਿਹਾ ਅਦਭੁੱਤ ਕਦੇ ਨਹੀਂ ਹੋਇਆ ਸੀ: ਤੁਹਾਡੀਆਂ ਪ੍ਰਾਰਥਨਾਵਾਂ ਦਾ ਜਵਾਬ ਨਹੀਂ ਮਿਲਦਾ; ਸਮਾਂ ਅਤੇ ਪੈਸਾ ਬੇਕਾਰ ਖਰਚ ਹੋ ਰਿਹਾ ਹੈ। ਭਾਵੇਂ ਤੁਸੀਂ ਪ੍ਰਭੂ ਦੀ ਸੇਵਾ ਕੀਤੀ ਹੈ, ਸਭ ਕੁਝ ਅਸਫਲਤਾ ਵੱਲ ਜਾ ਰਿਹਾ ਜਾਪਦਾ ਹੈ; ਤੁਸੀਂ ਸਵਾਲ ਵੀ ਕਰ ਸਕਦੇ ਹੋ, "ਕੀ ਸੱਚਮੁੱਚ ਕੋਈ ਰੱਬ ਹੈ?"

ਕੀ ਤੁਸੀਂ ਨਿਰਾਸ਼ ਹੋ? ਹੌਂਸਲਾ ਨਾ ਹਾਰੋ; ਬਹਾਦੁਰ ਬਣੋ. ਪ੍ਰਮੇਸ਼ਵਰ ਤੁਹਾਡੇ ਜੀਵਨ ਵਿੱਚ ਅਚਾਨਕ ਚਮਤਕਾਰ ਕਰੇਗਾ! ਆਪਣੇ ਆਪ ਨੂੰ ਅਲੀਸ਼ਾ ਵਾਂਗ ਬਣਾਓ, ਜੇ ਅਜਿਹਾ ਕਰੋਗੇ ਤਾਂ ਸਮਾਂ ਜ਼ਰੂਰ ਬਦਲੇਗਾ! ਹਾਲਾਤ ਬਦਲ ਜਾਣਗੇ। ਸਾਡਾ ਸੁਆਮੀ ਕਦੇ ਨਹੀਂ ਬਦਲਦਾ।

(ਚਲਦਾ ਸਫ਼ਾ 6 ਤੇ)


## नहेम्याह बाइबल कॉलेज
## रेसिडेन्शल कॉलेज, चेन्नई।

माध्यम: हिन्दी

*सदस्यता के लिए पंजीकृत उम्मीदवार* - ATA

सुविख्यात अंतर्राष्ट्रीय मसीही अगुवे तथा पिछले 53 वर्षों से सेवारत वरिष्ठ पासवान

सर्टिफिकेट इन थियोलॉजी – 1 साल

डिप्लोमा ऑफ थियोलॉजी – 2 साल

योग्यता 10 वी या अधिक जल्दी करें!

**Contact : The Chairman, Nehemiah Bible College.**

10, MOHAMMED ABDULLAH 2ND STREET, CHEPAUK, CHENNAI - 600 005, INDIA.
Phone : (+91-44) 2852 8282, Cell : (+91) 98410 71852 / 95661 31858
E.mail : sam@echoofhiscall.org / Website : www.echoofhiscall.org

★ ऑनलाइन कक्षाएं उपलब्ध हैं ★

# GREAT COMMISSION PARTNERS
# ਮਹਾਨ ਆਦੇਸ਼ ਸਹਿਭਾਗੀ



TO SHARE (Galatians 6:2) SUPPORT (Romans 12:13) SPEEDUP (II Timothy 1:6)
ਵੰਡਣਾ (ਗਲਾਤੀਆਂ ੬:੨) ਸਹਾਇਤਾ ਕਰਨਾ(ਰੋਮੀਆਂ ੧੨:੧੩) ਤੇਜੀ ਕਰਨਾ (੨ਤਿਮੋਥੀਅਸ ੧:੬)

19 ਜੁਲਾਈ 2022 ਤੋਂ 18 ਅਗਸਤ 2022 ਤੱਕ

(ਕਿਰਪਾ ਕਰੇ ਇਹ ਪੰਨਾ ਬਾਹਰ ਕੱਢ ਲਓ, ਇਸ ਨੂੰ ਮੋੜੋ ਅਤੇ ਆਪਣੀ ਬਾਈਬਲ ਵਿੱਚ ਰੱਖੋ ਅਤੇ ਲਗਾਤਾਰ ਪ੍ਰਾਰਥਨਾ ਕਰੋ)

## ਵਡਿਆਈ ਦੇ ਮੁੱਦੇ

19 ਜੁਲਾਈ: ਪਰਮੇਸ਼ੁਰ ਨੇ ਕਿਰਪਾ ਨਾਲ ਸਾਨੂੰ ਇੰਜੀਲ ਲੈ ਕੇ ਅਪਹੁੰਚ ਖੇਤਰਾਂ ਵਿੱਚ ਪਹੁੰਚਣ ਵਿੱਚ ਮਦਦ ਕੀਤੀ।

20 ਜੁਲਾਈ: ਆਓ ਅਸੀਂ ਆਪਣੇ ਸਮਰਥਕਾਂ ਲਈ ਉਨ੍ਹਾਂ ਦੀਆਂ ਪ੍ਰਾਰਥਨਾਵਾਂ ਅਤੇ ਸਮਰਥਨ ਲਈ ਪ੍ਰਮੇਸ਼ਵਰ ਦੀ ਉਸਤਤ ਕਰੀਏ।

21 ਜੁਲਾਈ: ਸਾਡੇ ਸੇਂਟ ਪੌਲ ਮੈਟ੍ਰਿਕ ਸਕੂਲ, ਨਹਮਯਾਹ ਬਾਈਬਲ ਕਾਲਜ ਅਤੇ ਥੀਓਲਾਜੀਕਲ ਕੋਰਸਪੌਂਡੈਂਸ ਕੋਰਸ ਲਈ ਪ੍ਰਭੂ ਦੀ ਵਡਿਆਈ ਕਰੀਏ।

22 ਜੁਲਾਈ : ਸਾਡੇ ਪਾਸਟਰ ਐਸ. ਸੈਮ ਸੇਲਵਾ ਰਾਜ ਅਤੇ ਪਰਿਵਾਰ ਦੀਆਂ ਭਰਪੂਰ ਅਸੀਸਾਂ ਲਈ ਪ੍ਰਮੇਸ਼ਵਰ ਦਾ ਸ਼ੁਕਰ ਕਰੀਏ।

23 ਜੁਲਾਈ: ਆਓ ਅਸੀਂ ਆਪਣੇ ਸਾਰੇ ਸਹਿਯੋਗੀ ਸੰਪਾਦਕਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ ਪ੍ਰਭੂ ਦੀ ਉਸਤਤ ਕਰੀਏ।

24 ਜੁਲਾਈ: ਪ੍ਰਮੇਸ਼ਵਰ ਨੇ ਸਾਡੇ ਮੁੱਖ ਚਰਚ ਅਤੇ ਸ਼ਾਖਾ ਚਰਚਾਂ ਨੂੰ ਹੋਰ ਵਿਸ਼ਵਾਸੀਆਂ ਦੀ ਅਸੀਸ ਦਿੱਤੀ।

25 ਜੁਲਾਈ: ਆਓ ਅਸੀਂ ਆਪਣੇ ਪ੍ਰਾਰਥਨਾ ਸਹਿਭਾਗੀਆਂ, ਸਬਸਕ੍ਰਾਈਬਰ ਸਹਿਭਾਗੀਆਂ, ਵਿਸ਼ਵਾਸ ਸਹਿਭਾਗੀਆਂ , ਜੀਵਨ ਸਹਿਭਾਗੀਆਂ ਅਤੇ ਮਹਾਂ ਆਦੇਸ਼ ਸਹਿਭਾਗੀਆਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਪ੍ਰਮੇਸ਼ਵਰ ਦੀ ਉਸਤਤ ਕਰੀਏ।

26 ਜੁਲਾਈ: ਸਾਡੇ ਕਰਮਚਾਰੀਆਂ ਦੇ ਪਰਿਵਾਰਾਂ 'ਤੇ ਹੋਈ ਅਸੀਸਾਂ ਦੀ ਵਰਖਾ ਲਈ ਪ੍ਰਭੂ ਦੀ ਉਸਤਤ ਕਰੋ।

27 ਜੁਲਾਈ: ਸਾਡੀਆਂ ਦੇਸ਼ ਦੀ ਸੁਰੱਖਿਆ ਲਈ ਪ੍ਰਭੂ ਦੀ ਉਸਤਤ ਕਰੋ।

28ਵ: ਸਾਡੇ ਨਹਮਯਾਹ ਬਾਈਬਲ ਕਾਲਜ ਗ੍ਰੈਜੁਏਸ਼ਨ ਸਮਾਰੋਹ ਨੂੰ ਅਸੀਸ ਦੇਣ ਲਈ ਪ੍ਰਭੂ ਦੀ ਉਸਤਤ ਕਰੋ ਜੋ 3 ਜੂਨ 2022 ਨੂੰ ਆਯੋਜਿਤ ਕੀਤਾ ਗਿਆ ਸੀ।

29 ਜੁਲਾਈ: ਆਓ ਅਸੀਂ ਆਪਣੇ ਚਰਚ ਨੂੰ ਵਿੱਚ ਮਸਹ ਪਾਏ ਹੋਏ ਨਵੇਂ ਵਿਸ਼ਵਾਸੀਆਂ ਦੇ ਜੋੜਨ ਲਈ ਪਰਮੇਸ਼ੁਰ ਦੀ ਉਸਤਤ ਕਰੀਏ।

30 ਜੁਲਾਈ: ਪ੍ਰਮੇਸ਼ਵਰ ਨੇ ਕਿਰਪਾ ਨਾਲ ਸਾਡੇ ਰਿਹਾਇਸ਼ੀ ਅਤੇ ਸ਼ਾਮ ਦੇ ਨਹਮਯਾਹ ਬਾਈਬਲ ਕਾਲਜ ਕੋਰਸਾਂ ਲਈ ਨਵੇਂ ਵਿਦਿਆਰਥੀਆਂ ਪ੍ਰਦਾਨ ਕੀਤੇ।

31 ਜੁਲਾਈ: ਰਿਹਾਇਸ਼ੀ ਬਾਈਬਲ ਕਾਲਜ ਦੀਆਂ ਸਾਡੀਆਂ ਜ਼ਰੂਰੀ ਲੋੜਾਂ ਜਿਵੇਂ, ਵਾਟਰ ਕੂਲਰ, ਫਰਿੱਜ, ਬੈੱਡ, ਚਟਾਈ, ਬਰਤਨ ਆਦਿ ਪੂਰੀਆਂ ਕਰਨ ਲਈ ਪ੍ਰਮੇਸ਼ਵਰ ਦੀ ਉਸਤਤ ਕਰੋ।

01 ਅਗਸਤ: ਸਭ ਰਾਜਾਂ ਦੇ ਕੋਆਰਡੀਨੇਟਰਾਂ ਅਤੇ ਉਹਨਾਂ ਦੀ ਪਰਿਵਾਰਾਂ ਲਈ ਪ੍ਰਭੂ ਦੀ ਵਡਿਆਈ ਕਰੋ।

02 ਅਗਸਤ : ਮਿਸ਼ਨ ਵਰਕਰਾਂ ਦੀ ਮਹਾਨ ਵਚਨਬੱਧਤਾ ਲਈ ਪ੍ਰਮੇਸ਼ਵਰ ਦੀ ਮਹਿਮਾ ਕਰੋ।

03 ਅਗਸਤ: ਪ੍ਰਮੇਸ਼ਵਰ ਸਾਡੇ ਸੀਨੀਅਰ ਪਾਦਰੀ ਐਸ. ਸੈਮ ਸੇਲਵਾ ਰਾਜ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਸਾਰੀਆਂ ਦੁਸ਼ਟ ਤੇਕਤਾਂ ਤੋਂ ਬਚਾ ਕੇ ਰੱਖ ਰਿਹਾ ਹੈ।

## ਪ੍ਰਾਰਥਨਾ ਦੇ ਮੁੱਦੇ

04 ਅਗਸਤ: ਸਾਡੇ ਅੰਗਰੇਜ਼ੀ ਸਹਾਇਕ ਸੰਪਾਦਕ, ਬ੍ਰ. ਮੈਨੂਅਲ ਐਮ. ਪੌਲਰਾਜ 25 ਮਈ 2022 ਨੂੰ ਮਹਿਮਾ ਵਿੱਚ ਦਾਖਲ ਹੋਏ। ਦੁਖੀ ਦੋਸਤਾਂ, ਪਰਿਵਾਰ ਅਤੇ ਰਿਸ਼ਤੇਦਾਰਾਂ ਲਈ ਕਿਰਪਾ ਕਰਕੇ ਪ੍ਰਾਰਥਨਾ ਕਰੋ।

05 ਅਗਸਤ: ਪ੍ਰਭੂ ਅੱਗੇ ਪ੍ਰਾਰਥਨਾ ਕਰੋ ਕਿ ਉਹ ਸਾਨੂੰ ਦੂਰ-ਦੁਰਾਡੇ ਥਾਵਾਂ ਤੱਕ ਸੁਸਮਾਚਾਰ ਫੈਲਾਉਣ ਦੇ ਯੋਗ ਕਰੇ।

06 ਅਗਸਤ: ਸਾਰੇ ਧਰਮਾਂ ਵਿਚਕਾਰ ਏਕਤਾ ਲਈ ਪ੍ਰਾਰਥਨਾ ਕਰੀਏ।

07 ਅਗਸਤ: ਸਾਰੇ ਦੇਸ਼ਾਂ ਅੰਦਰ ਪ੍ਰਮੇਸ਼ਵਰ ਪ੍ਰਤੀ ਇਮਾਨਦਾਰੀ ਲਈ ਦਿਲੋਂ ਪ੍ਰਾਰਥਨਾ ਕਰੋ।

08 ਅਗਸਤ: ਪ੍ਰਭੂ ਅੱਗੇ ਪ੍ਰਾਰਥਨਾ ਕਰੀਏ ਕਿ ਉਹ ਧਰਤੀ ਉੱਤੇ ਉਸਦਾ ਰਾਜ ਸਥਾਪਿਤ ਕਰਨ ਲਈ ਸਾਨੂੰ ਹੋਰ ਬਹੁਤ ਸਾਰੇ ਦਰਸ਼ਨ ਦੇਣ।

09 ਅਗਸਤ: ਸਾਡੇ ਦੇਸ਼ ਦੀ ਏਕਤਾ ਅਤੇ ਹਰ ਪੱਖੋਂ ਤਰੱਕੀ ਲਈ ਦੁਆ ਕਰੀਏ।

10 ਅਗਸਤ : ਅੱਜ ਅਸੀਂ ਸੇਵਾ ਦੇ 54ਵੇਂ ਸਾਲ ਵਿੱਚ ਪ੍ਰਵੇਸ਼ ਕਰ ਗਏ ਹਾਂ, ਕਿਰਪਾ ਕਰਕੇ ਪ੍ਰਾਰਥਨਾ ਕਰੋ।

11 ਅਗਸਤ: ਕਿਰਪਾ ਕਰਕੇ ਰੂਸ ਅਤੇ ਯੂਕਰੇਨ ਵਿਚਕਾਰ ਚੱਲ ਰਹੀ ਜੰਗ ਦੇ ਰੁਕਣ ਲਈ ਅਰ ਸਮੁੱਚੇ ਸੰਸਾਰ ਵਿੱਚ ਸ਼ਾਂਤੀ ਪਈ ਪ੍ਰਾਰਥਨਾ ਕਰੋ।

12 ਅਗਸਤ : ਦੁਨੀਆ ਭਰ ਵਿੱਚ ਸ਼ਾਂਤੀ ਲਈ ਦੁਆ ਕਰੋ।

13 ਅਗਸਤ : ਸਾਡੇ ਸੀਨੀਅਰ ਪਾਦਰੀ ਦੀ ਸਵੈ-ਜੀਵਨੀ ਲਿਖਣ ਦੇ ਕੰਮ ਦੀ ਸਫਲਤਾ ਲਈ ਪ੍ਰਭੂ ਅੱਗੇ ਪ੍ਰਾਰਥਨਾ ਕਰੋ।

14 ਅਗਸਤ : ਔਰਤਾਂ ਅਤੇ ਬੱਚਿਆਂ ਵਿਰੁੱਧ ਹਿੰਸਾ ਦੇ ਖਾਤਮੇ ਲਈ ਪ੍ਰਾਰਥਨਾ ਕਰੋ।

15 ਅਗਸਤ: ਪ੍ਰਮਾਤਮਾ ਸਾਡੇ ਕੋਆਰਡੀਨੇਟਰਾਂ ਅਤੇ ਪਾਸਟਰਾਂ ਨੂੰ ਨਵੀਂ ਤਾਕਤ ਦੇਵੇ।

16 ਅਗਸਤ: ਆਓ ਅਸੀਂ, ਸਾਰੇ ਮਸੀਹੀ ਸੰਗਠਨਾਂ ਲਈ ਪ੍ਰਾਰਥਨਾ ਕਰੀਏ।

17 ਅਗਸਤ: ਆਓ ਅਸੀਂ ਆਪਣੇ ਮਿਸ਼ਨ ਖੇਤਰ ਦੇ ਵਰਕਰਾਂ ਲਈ ਪ੍ਰਾਰਥਨਾ ਕਰੀਏ।

18 ਅਗਸਤ : ਸਾਡੇ ਸੀਨੀਅਰ ਪਾਦਰੀ ਐਸ. ਸੈਮ ਸੇਲਵਾ ਰਾਜ ਦੀਆਂ ਯੋਜਨਾਵਾਂ 'ਤੇ ਅਸੀਸ ਲਈ ਪ੍ਰਾਰਥਨਾ ਕਰੀਏ।

(ਸਫਾ 4 ਤੋਂ ਚਲਦਾ-)

ਭਾਵੇਂ ਏਲੀਯਾਹ ਨੂੰ ਯਹੋਵਾਹ ਨੇ ਚੁੱਕ ਲਿਆ ਸੀ, ਅਤੇ ਅਲੀਸ਼ਾ ਪੁਕਾਰਿਆ, "ਮੇਰੇ ਪਿਤਾ, ਮੇਰੇ ਪਿਤਾ" ਉਸਨੇ ਆਪਣਾ ਵਿਸ਼ਵਾਸ ਨਹੀਂ ਗੁਆਇਆ। ਉਸ ਨੇ ਉਮੀਦ ਨਹੀਂ ਛੱਡੀ। ਉਸਨੇ ਆਪਣੇ ਮਸਹ ਅਤੇ ਉਸਦੇ ਸੱਦੇ ਨੂੰ ਨਜ਼ਰਅੰਦਾਜ਼ ਨਹੀਂ ਕੀਤਾ। ਉਸਨੇ ਸਿਰਫ਼ ਸਵਰਗ ਵੱਲ ਦੇਖਿਆ ਅਤੇ ਰੋਇਆ।

ਪਿਆਰੇ ਪਾਠਕ, ਅਲੀਸ਼ਾ ਨੇ ਏਲੀਯਾਹ ਤੋਂ ਡਿੱਗਣ ਵਾਲੀ ਚਾਦਰ ਲੈ ਲਈ ਅਤੇ ਪਾਣੀ ਨੂੰ ਮਾਰਿਆ, ਨਦੀ ਦੋ ਹਿੱਸੇ ਹੋ ਗਈ। ਅਲੀਸ਼ਾ ਨੇ ਨਦੀ ਪਾਰ ਕੀਤੀ। ਆਪਣੀ ਯੋਗਤਾ ਅਤੇ ਘੱਟ ਜਾਇਦਾਦ ਬਾਰੇ ਨਾ ਸੋਚੋ। ਬਾਈਬਲ ਕਹਿੰਦੀ ਹੈ, ਅਲੀਸ਼ਾ ਨੇ ਹੋਰ ਚਮਤਕਾਰ ਕੀਤੇ।

## 3. ਰੱਬ ਹਰ ਛੋਟੀ ਪ੍ਰਾਰਥਨਾ ਦਾ ਜਵਾਬ ਦਿੰਦਾ ਹੈ

ਜਦੋਂ ਅਸੀਂ ਆਪਣੀਆਂ ਲੋੜਾਂ ਲਈ ਪਰਮੇਸ਼ੁਰ ਅੱਗੇ ਪ੍ਰਾਰਥਨਾ ਕਰਦੇ ਹਾਂ, ਤਾਂ ਇਹ ਜ਼ਰੂਰੀ ਨਹੀਂ ਹੁੰਦਾ ਕਿ ਪ੍ਰਭੂ ਸਾਨੂੰ ਉਸ ਤਰੀਕੇ ਨਾਲ ਜਵਾਬ ਦੇਵੇ ਜਿਸ ਤਰ੍ਹਾਂ ਅਸੀਂ ਚਾਹੁੰਦੇ ਹਾਂ। ਉਦਾਹਰਨ ਲਈ, ਤੁਸੀਂ ਵਰਤ ਰੱਖ ਸਕਦੇ ਹੋ ਅਤੇ ਪ੍ਰਾਰਥਨਾ ਕਰ ਸਕਦੇ ਹੋ ਕਿ ਤੁਹਾਨੂੰ ਬੈਂਕ ਤੋਂ ਕਰਜ਼ਾ ਮਨਜ਼ੂਰ ਕੀਤਾ ਜਾਵੇ। ਹੋ ਸਕਦਾ ਹੈ ਕਿ ਰੱਬ ਤੁਹਾਨੂੰ ਕਰਜ਼ਾ ਲੈਣ ਵਿੱਚ ਮਦਦ ਨਾ ਕਰੇ। ਪਰ ਉਹ ਕਿਸੇ ਹੋਰ ਤਰੀਕੇ ਨਾਲ ਤੁਹਾਡੀ ਵਿੱਤੀ ਲੋੜ ਨੂੰ ਸ਼ਾਨਦਾਰ ਢੰਗ ਨਾਲ ਪੂਰਾ ਕਰੇਗਾ।

ਮੇਰੇ ਇੱਕ ਚੰਗੇ ਦੋਸਤ ਹਨ, ਡਾ. ਰਬਿੰਦਰ ਬੋਆਜ਼ ਜੋ ਚੇਨਈ ਵਿੱਚ ਇੱਕ ਸਰਜਨ ਹਨ। ਉਹ ਇੱਕ ਧਰਮੀ ਮਨੁੱਖ ਹਨ ਉਨ੍ਹਾਂ ਨੂੰ ਪੈਸੇ ਨਾਲ ਕੋਈ ਪਿਆਰ ਨਹੀਂ ਹੈ। ਉਹ ਵੀ ਰੱਬ ਦੇ ਸੇਵਕ ਹਨ। ਇੱਕ ਵਾਰ ਇੱਕ ਡਾਕਟਰ ਨੇ ਮੇਰੇ ਇੱਕ ਦੋਸਤ ਨੂੰ ਬਵਾਸੀਰ ਦੀ ਬਿਮਾਰੀ ਦੱਸੀ ਅਤੇ ਆਪ੍ਰੇਸ਼ਨ ਲਈ ਵੀ ਬੋਲਿਆ। ਉਹ ਦੋਸਤ ਮੇਰੇ ਕੋਲ ਪ੍ਰਾਰਥਨਾ ਲਈ ਆਇਆ। ਮੈਂ ਉਸ ਲਈ ਦੁਆ ਕੀਤੀ। ਉਹ ਬਹੁਤ ਗਰੀਬ ਸੀ। ਦੁਆ ਕਰਕੇ ਮੈਂ ਉਸਨੂੰ ਆਪਣੇ ਦੋਸਤ ਡਾਕਟਰ ਰਬਿੰਦਰ ਬੋਅਜ਼ ਕੋਲ ਲੈ ਗਿਆ।

ਮਰੀਜ਼ ਦੀ ਜਾਂਚ ਕਰਨ ਤੋਂ ਪਹਿਲਾਂ ਡਾਕਟਰ ਨੇ ਇੱਕ ਛੋਟੀ ਜਿਹੀ ਪ੍ਰਾਰਥਨਾ ਕੀਤੀ. ਫਿਰ ਉਸ ਨੇ ਮਰੀਜ਼ ਨੂੰ ਕਿਹਾ, "ਓਪਰੇਸ਼ਨ ਦੀ ਕੋਈ ਲੋੜ ਨਹੀਂ, ਬਹੁਤ ਸਾਰਾ ਪਾਣੀ ਪੀਓ, ਬਹੁਤ ਸਾਰੀਆਂ ਹਰੀਆਂ ਸਬਜ਼ੀਆਂ ਅਤੇ ਕੇਲੇ ਖਾਓ। ਇੱਕ ਹਫ਼ਤੇ ਬਾਅਦ ਆਓ। ਮੈਨੂੰ ਯਕੀਨ ਹੈ ਕਿ ਤੁਸੀਂ ਠੀਕ ਹੋ ਜਾਵੋਗੇ।" ਜਦੋਂ ਅਸੀਂ ਵਾਪਸ ਆ ਰਹੇ ਸੀ ਤਾਂ ਮਰੀਜ਼ ਦਾ ਚਿਹਰਾ ਪਰੇਸ਼ਾਨ ਨਜ਼ਰ ਆ ਰਿਹਾ ਸੀ। ਜਦੋਂ ਮੈਂ ਉਸ ਨੂੰ ਪੁੱਛਿਆ, "ਤੁਸੀਂ ਚਿੰਤਾ ਕਿਉਂ ਕਰਦੇ ਹੋ?" ਉਸਨੇ ਜਵਾਬ ਦਿੱਤਾ, "ਮੈਂ ਚਿੰਤਤ ਹਾਂ ਕਿਉਂਕਿ ਮੇਰਾ ਅਪਰੇਸ਼ਨ ਨਹੀਂ ਕੀਤਾ ਗਿਆ।" ਉਸਦੀ ਉਮੀਦ ਘੱਟ ਖਰਚੇ ਨਾਲ ਸਰਜਰੀ ਕਰਵਾਉਣ ਦੀ ਸੀ! ਹਾਲਾਂਕਿ ਉਸਨੇ ਡਾਕਟਰ ਦੀ ਸਲਾਹ 'ਤੇ ਅਮਲ ਕੀਤਾ।

ਪਰ ਕੀ ਹੋਇਆ, ਉਹ ਬਿਨਾਂ ਸਰਜਰੀ ਤੋਂ ਪੂਰੀ ਤਰ੍ਹਾਂ ਠੀਕ ਹੋ ਗਿਆ! ਉਸਦੀ ਸਮੱਸਿਆ ਆਪ੍ਰੇਸ਼ਨ ਵਾਲੀ ਹੀ ਸੀ ਪਰ ਹੁਣ ਸਰਜਰੀ ਨਹੀਂ ਹੋਈ!

ਕਈ ਵਾਰ ਅਸੀਂ ਪ੍ਰਾਰਥਨਾ ਕਰਦੇ ਹਾਂ ਅਤੇ ਜਵਾਬ ਦੀ ਉਮੀਦ ਕਰਦੇ ਹਾਂ ਜਿਵੇਂ ਸਾਡਾ ਮਨ ਕਹਿੰਦਾ ਹੈ - ਪਰ ਪ੍ਰਮੇਸ਼ਵਰ ਆਪਣੀ ਬੁੱਧੀ ਅਤੇ ਸ਼ਕਤੀ ਨਾਲ ਕੰਮ ਕਰਦਾ ਹੈ। ਪਰ ਸਾਨੂੰ ਉਸ ਚਮਤਕਾਰ ਨੂੰ ਸਵੀਕਾਰ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ!

ਅਲੀਸ਼ਾ ਇਹ ਵੀ ਸੋਚ ਸਕਦਾ ਸੀ ਕਿ ਏਲੀਯਾਹ ਦੀ ਸ਼ਕਤੀ ਦੇ ਦੁੱਗਣੇ ਹਿੱਸੇ ਦੀ ਬਜਾਏ, ਉਸ ਨੂੰ ਸਿਰਫ਼ ਇੱਕ ਚੱਦਰ ਹੀ ਮਿਲੀ ਸੀ। ਪਰ ਅਲੀਸ਼ਾ ਇੱਕ ਆਤਮਿਕ ਆਦਮੀ ਹੋਣ ਕਰਕੇ ਉਸ ਸ਼ਾਲ ਨੂੰ ਪੂਰੀ ਖੁਸ਼ੀ ਨਾਲ ਲੈਣ ਲਈ ਤਿਆਰ ਸੀ!

ਰੱਬ ਦੇ ਪਿਆਰੇ ਬੱਚੇ, ਤੁਹਾਡੀਆਂ ਪ੍ਰਾਰਥਨਾਵਾਂ ਦੇ ਜਵਾਬਾਂ ਪ੍ਰਤੀ ਤੁਹਾਡਾ ਰਵੱਈਆ ਕੀ ਹੈ?

## III ਗੇਹਾਜ਼ੀ

ਅਰਾਮ ਦੀ ਫ਼ੌਜ ਦਾ ਇੱਕ ਮਹਾਨ ਸੈਨਾਪਤੀ ਸੀ ਜਿਸ ਦੇ ਸਰੀਰ ਵਿੱਚ ਕੋੜ੍ਹ ਸੀ। ਉਸਦਾ ਨਾਮ ਨਅਮਾਨ ਸੀ (2 ਰਾਜਿਆਂ 5:1)। ਇਜ਼ਰਾਈਲ ਦੀ ਇੱਕ ਨਿੱਕੀ ਕੁੜੀ ਉਸ ਦੇ ਘਰ ਕੰਮ ਕਰ ਰਹੀ ਸੀ ਅਤੇ ਉਸਨੇ ਆਪਣੀ ਮਾਲਕਣ ਨੂੰ ਸੁਝਾਅ ਦਿੱਤਾ ਕਿ ਜੇ ਨਅਮਾਨ ਨੂੰ ਅਲੀਸ਼ਾ ਕੋਲ ਲਿਜਾਇਆ ਜਾਵੇ ਤਾਂ ਉਹ ਠੀਕ ਹੋ ਸਕਦਾ ਹੈ। ਇਸ ਲਈ ਨਅਮਾਨ ਅਲੀਸ਼ਾ ਕੋਲ ਆਇਆ। ਜਦੋਂ ਉਹ ਅਲੀਸ਼ਾ ਦੇ ਦਰਵਾਜ਼ੇ 'ਤੇ ਖੜ੍ਹਾ ਸੀ, ਤਾਂ ਅਲੀਸ਼ਾ ਨੇ ਉਸਨੂੰ ਯਰਦਨ ਨਦੀ ਵਿੱਚ ਸੱਤ ਚੁੱਭੀਆਂ ਲਾਉਣ ਲਈ ਕਿਹਾ। ਇਹ ਸੁਣ ਕੇ ਨਅਮਾਨ ਨੂੰ ਗੁੱਸਾ ਆਇਆ ਅਤੇ ਉਹ ਬੋਲਿਆ, "ਮੈਂ ਸੋਚਿਆ ਕਿ ਉਹ ਜ਼ਰੂਰ ਮੇਰੇ ਕੋਲ ਆਵੇਗਾ ਅਤੇ ਖਲੋ ਕੇ ਯਹੋਵਾਹ ਆਪਣੇ ਪਰਮੇਸ਼ੁਰ ਦਾ ਨਾਮ ਲੈ ਕੇ ਪੁਕਾਰੇਗਾ ਅਤੇ ਉਸ ਥਾਂ ਉੱਤੇ ਆਪਣਾ ਹੱਥ ਫੇਰੇਗਾ ਅਤੇ ਕੋੜ੍ਹ ਨੂੰ ਚੰਗਾ ਕਰੇਗਾ। ਕੀ ਸਾਡੇ ਦੇਸ਼ ਵਿੱਚ ਬਹੁਤ ਸਾਰੀਆਂ ਨਦੀਆਂ ਨਹੀਂ ਹਨ ਜੋ ਯਰਦਨ ਨਦੀ ਨਾਲੋਂ ਬਹੁਤ ਵਧੀਆ ਹਨ? ਪਰ ਉਸਦੇ ਸੇਵਕਾਂ ਨੇ ਉਸਨੂੰ ਸ਼ਾਂਤ ਕੀਤਾ ਅਤੇ ਕਿਹਾ, "ਸਾਡੇ ਪਿਤਾ, ਜੇਕਰ ਨਬੀ ਨੇ ਤੁਹਾਨੂੰ ਕੋਈ ਵੱਡਾ ਕੰਮ ਕਰਨ ਲਈ ਕਿਹਾ ਹੁੰਦਾ, ਤਾਂ ਕੀ ਤੁਸੀਂ ਨਾ ਕਰਦੇ? ਉਸਨੇ ਤਾਂ ਕੇਵਲ ਇਨਾਂ ਆਖਿਆ ਹੈ ਕਿ ਨਹਾ ਲੈ ਅਰ ਚੰਗਾ ਹੋ ਜਾਹ


ਨਹਮਯਾਹ ਬਾਈਬਲ ਸ਼ਾਮ ਦਾ ਕਾਲਜ

ਚੇਪੌਕ ਅਤੇ ਸੰਤੋਸ਼ਪੁਰਮ, ਚੈਂਨਈ

ਮਾਧਿਅਮ- ਤਾਮਿਲ

Registered Candidate for Membership
Asia Theological Association (ATA)

ਅੰਤਰਰਾਸ਼ਟਰੀ ਮਸੀਹੀ ਲੀਡਰਾਂ ਅਰ ਸੀਨੀਅਰ ਪਾਸਬਾਨਾਂ ਦੁਆਰਾ ਪੜ ਸਾਲਾਂ ਤੋਂ ਮਾਨਤਾ ਪ੍ਰਾਪਤ

ਥਿਆਲੋਜੀਕਲ ਸਰਟੀਫਿਕੇਟ ਕੋਰਸ: ਇੱਕ ਸਾਲ
ਥਿਆਲੋਜੀਕਲ ਡਿਪਲੋਮਾ ਕੋਰਸ: ਦੋ ਸਾਲ

ਯੋਗਤਾ: ਦਸਵੀਂ ਅਰ ਉਸਤੋਂ ਵੱਧ
ਦਾਖਲੇ ਲਈ ਛੇਤੀ ਕਰੋ

Contact : The Chairman, Nehemiah Bible College.
10, MOHAMMED ABDULLAH 2ND STREET, BELLS ROAD, CHEPAUK, CHENNAI - 600 005, INDIA.
Phone : (+91-44) 2852 8282, Cell : (+91) 98410 71852 / 95661 31858
E.mail : sam@echoofhiscall.org / Website : www.echoofhiscall.org

ਤਾਂ ਕਿੰਨਾਂ ਵਧੀਕ ਤੁਹਾਨੂੰ ਇਹ ਕਰਨਾ ਚਾਹੀਦਾ ਹੈ?"

ਇਹ ਸੁਣ ਕੇ ਨਅਮਾਨ ਨੇ ਜਾ ਕੇ ਨਦੀ ਵਿੱਚ ਸੱਤ ਵਾਰ ਡੁਬਕੀ ਲਗਾਈ। ਯਹੋਵਾਹ ਦੇ ਨਬੀ ਦੇ ਬਚਨ ਅਨੁਸਾਰ, ਉਸਦਾ ਸਰੀਰ ਇੱਕ ਛੋਟੇ ਬੱਚੇ ਦੇ ਸਰੀਰ ਵਾਂਗ ਸਾਫ ਹੋ ਗਿਆ ਅਤੇ ਉਹ ਸ਼ੁੱਧ ਹੋ ਗਿਆ। ਉਹ ਅਤੇ ਉਸਦੇ ਸਾਰੇ ਸਹਿਯੋਗੀ ਪਰਮੇਸ਼ੁਰ ਦੇ ਨਬੀ ਕੋਲ ਵਾਪਸ ਆਏ ਅਤੇ ਉਸਨੇ ਕਿਹਾ, "ਸੱਚਮੁੱਚ, ਹੁਣ ਮੈਂ ਜਾਣ ਗਿਆ ਹਾਂ ਕਿ ਸਾਰੀ ਧਰਤੀ ਉੱਤੇ ਇਸਰਾਏਲ ਤੋਂ ਇਲਾਵਾ ਕੋਈ ਵੀ ਪਰਮੇਸ਼ੁਰ ਨਹੀਂ ਹੈ। ਇਸ ਲਈ ਹੁਣ ਕਿਰਪਾ ਕਰਕੇ ਆਪਣੇ ਸੇਵਕ ਤੋਂ ਇੱਕ ਤੋਹਫ਼ਾ ਲੈ ਲਵੋ।" ਪਰ ਅਲੀਸ਼ਾ ਨੇ ਕਿਹਾ, "ਜਿਉਂਦੇ ਯਹੋਵਾਹ ਦੀ ਸਹੁੰ ਜਿਸ ਦੇ ਅੱਗੇ ਮੈਂ ਖੜ੍ਹਾ ਹਾਂ, ਮੈਂ ਕੁਝ ਵੀ ਕਬੂਲ ਨਹੀਂ ਕਰਾਂਗਾ।" ਨਅਮਾਨ ਨੇ ਉਸਨੂੰ ਲੈਣ ਲਈ ਕਿਹਾ, ਪਰ ਉਸਨੇ ਇਨਕਾਰ ਕਰ ਦਿੱਤਾ" (2 ਰਾਜਿਆਂ 5:11-16)।

ਅਲੀਸ਼ਾ ਦਾ ਸੇਵਕ, ਗੇਹਾਜ਼ੀ ਇਹ ਸਭ ਦੇਖ ਰਿਹਾ ਸੀ ਅਤੇ ਆਪਣੇ-ਆਪ ਨੂੰ ਕਹਿ ਰਿਹਾ ਸੀ, "ਮੇਰੇ ਸੁਆਮੀ ਨੇ ਨਅਮਾਨ ਤੋਂ ਕੁਝ ਨਹੀਂ ਲਿਆ। ਪਰ ਮੈਂ ਉਸ ਦੇ ਪਿੱਛੇ ਭੱਜਾਂਗਾ ਅਤੇ ਉਸ ਤੋਂ ਕੁਝ ਲੈ ਲਵਾਂਗਾ। ਇਸ ਲਈ ਗਹੇਜ਼ੀ ਨੇ ਨਅਮਾਨ ਦਾ ਪਿੱਛਾ ਕੀਤਾ। ਜਦੋਂ ਨਅਮਾਨ ਨੇ ਉਸਨੂੰ ਆਪਣੇ ਮਗਰ ਆਉਂਦੇ ਦੇਖਿਆ ਤਾਂ ਉਸਨੇ ਪੁੱਛਿਆ, "ਸਭ ਠੀਕ ਹੈ?" ਗੇਹਾਜ਼ੀ ਨੇ ਜਵਾਬ ਦਿੱਤਾ, "ਸਭ ਠੀਕ ਹੈ"। ਮੇਰੇ ਸੁਆਮੀ ਨੇ ਮੈਨੂੰ ਇਹ ਆਖ ਕੇ ਭੇਜਿਆ ਹੈ: "ਅਸਲ ਵਿੱਚ, ਹੁਣੇ ਹੀ ਨਬੀਆਂ ਦੇ ਪੁੱਤਰਾਂ ਵਿੱਚੋਂ ਦੋ ਨੌਜਵਾਨ ਇਫ਼ਰਾਈਮ ਦੇ ਪਹਾੜਾਂ ਤੋਂ ਮੇਰੇ ਕੋਲ ਆਏ ਹਨ। ਕਿਰਪਾ ਕਰਕੇ ਉਹਨਾਂ ਨੂੰ ਇੱਕ ਤੋੜਾ ਚਾਂਦੀ ਅਤੇ ਦੋ ਜੋੜੇ ਬਸਤ੍ਰ ਦੇਹ। ਨਅਮਾਨ ਨੇ ਕਿਹਾ, "ਕਿਰਪਾ ਕਰਕੇ ਦੋ ਤੋੜੇ ਲੈ ਲਵੋ।" ਅਤੇ ਉਸਨੇ ਉਸਨੂੰ ਬੇਨਤੀ ਕੀਤੀ ਅਤੇ ਦੋ ਤੋੜੇ ਚਾਂਦੀ ਦੇ ਦੋ ਥੈਲਿਆਂ ਵਿੱਚ ਬੰਨ੍ਹੇ ਅਤੇ ਦੋ ਜੋੜੇ ਕੱਪੜੇ ਵੀ ਦਿੱਤੇ। ਅਤੇ ਉਨ੍ਹਾਂ ਨੂੰ ਆਪਣੇ ਦੋ ਨੌਕਰਾਂ ਦੇ ਹਵਾਲੇ ਕੀਤਾ। ਅਤੇ ਉਹ ਉਨ੍ਹਾਂ ਨੂੰ ਉਸਦੇ ਅੱਗੇ ਲੈ ਗਏ। ਗੇਹਾਜ਼ੀ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਹੱਥੋਂ ਲੈ ਲਿਆ ਅਤੇ ਘਰ ਵਿੱਚ ਰੱਖ ਦਿੱਤਾ। ਫ਼ੇਰ ਉਸਨੇ ਆਦਮੀਆਂ ਨੂੰ ਜਾਣ ਦਿੱਤਾ ਅਤੇ ਉਹ ਚਲੇ ਗਏ।

ਹੁਣ ਉਹ ਅੰਦਰ ਆਪਣੇ ਮਾਲਕ ਦੇ ਸਾਹਮਣੇ ਗਿਆ। ਅਲੀਸ਼ਾ ਨੇ ਉਸਨੂੰ ਕਿਹਾ, "ਗੇਹਾਜੀ ਤੂੰ ਕਿੱਥੇ ਗਿਆ ਸੀ?" ਉਸਨੇ ਕਿਹਾ, "ਤੇਰਾ ਸੇਵਕ ਕਿਤੇ ਨਹੀਂ ਗਿਆ"। ਅਲੀਸ਼ਾ ਆਪਣੀ ਆਤਮਾ ਵਿੱਚ ਜਾਣਦਾ ਸੀ, ਉਸਦੇ ਸੇਵਕ ਨੇ ਕੀ ਕੀਤਾ ਸੀ। ਉਹ ਬਹੁਤ ਦੁਖੀ ਹੋਇਆ, ਤਦ ਉਸ ਨੇ ਗੇਹਾਜੀ ਨੂੰ ਕਿਹਾ, "ਜਦੋਂ ਉਹ ਮਨੁੱਖ ਤੈਨੂੰ ਮਿਲਣ ਲਈ ਆਪਣੇ ਰਥ ਤੋਂ ਮੁੜਿਆ ਤਾਂ ਕੀ ਮੇਰਾ ਮਨ ਤੇਰੇ ਨਾਲ ਨਹੀਂ ਸੀ? ਕੀ ਇਹ ਪੈਸਾ ਪ੍ਰਾਪਤ ਕਰਨ ਅਤੇ ਕੱਪੜੇ, ਜੈਤੂਨ ਦੇ ਬਾਗ ਅਤੇ ਅੰਗੂਰਾਂ ਦੇ ਬਾਗ, ਭੇਡਾਂ ਅਤੇ ਬਲਦਾਂ, ਨਰ ਅਤੇ ਨੌਕਰ ਲੈਣ ਦਾ ਸਮਾਂ ਹੈ? ਇਸ ਲਈ ਨਅਮਾਨ ਦਾ ਕੋੜ੍ਹ ਤੈਨੂੰ ਅਤੇ ਤੇਰੀ ਅੰਸ ਨੂੰ ਸਦਾ ਲਈ ਲੱਗਾ ਰਹੇਗਾ।" ਅਤੇ ਉਹ ਬਰਫ਼ ਵਰਗਾ ਚਿੱਟਾ ਕੋੜ੍ਹੀ ਹੋ ਕੇ ਉਸਦੇਂ ਮੂਹਰਿਓਂ ਬਾਹਰ ਚਲਾ ਗਿਆ। (2 ਰਾਜਿਆਂ 5:20-27) ਪਰਮੇਸ਼ੁਰ ਦੇ ਸੇਵਕ ਗੇਹਾਜ਼ੀ ਦਾ ਨਾਂ ਪਰਮੇਸ਼ੁਰ ਦੇ ਸੇਵਕਾਂ ਦੀ ਸੂਚੀ ਵਿੱਚੋਂ ਹਟਾ ਦਿੱਤਾ ਗਿਆ ਸੀ। ਉਸ ਦਾ ਵੰਸ਼ ਵੀ ਸਰਾਪੀ ਹੋ ਗਿਆ।

ਤੁਹਾਡਾ ਆਦਰਸ਼ ਕੌਣ ਹੈ? ਜੇ ਤੁਸੀਂ ਮੈਨੂੰ ਪੁੱਛੋ, ਤਾਂ ਮੈਂ ਕਹਾਂਗਾ ਕਿ ਮੈਂ ਅਲੀਸ਼ਾ ਵਰਗਾ ਬਣਨਾ ਚਾਹੁੰਦਾ ਹਾਂ। ਮੈਂ ਅਲੀਸ਼ਾ ਦਾ ਮਸਹ ਮੇਰੇ ਉੱਤੇ ਉਤਰਨ ਦੀ ਇੱਛਾ ਕਰਾਂਗਾ, ਤਾਂ ਜੋ ਮੈਂ ਦੁੱਗਣੀ ਬਰਕਤ ਪਾ ਸਕਾਂ ਅਤੇ ਇਸ ਸੰਸਾਰ ਵਿੱਚ ਇੱਕ ਜੇਤੂ ਜੀਵਨ ਜੀ ਸਕਾਂ।

ਕਿਰਪਾ ਕਰਕੇ ਕੁਝ ਦੇਰ ਸੋਚੋ! ਕੀ ਤੁਹਾਨੂੰ ਅਲੀਸ਼ਾ ਵਾਂਗ ਬੁਲਾਇਆ ਜਾਂਦਾ ਹੈ? ਭਾਵੇਂ ਤੁਹਾਨੂੰ ਅਲੀਸ਼ਾ ਵਾਂਗ ਬੁਲਾਇਆ ਗਿਆ ਹੈ, ਕੀ ਤੁਸੀਂ ਅਜੇ ਵੀ ਸਰੀਰ ਅਤੇ ਆਤਮਾ ਦੀਆਂ ਆਪਣੀਆਂ ਰੋਜ਼ਾਨਾ ਸਮੱਸਿਆਵਾਂ ਨਾਲ ਜੂਝ ਰਹੇ ਹੋ? ਕੀ ਤੁਸੀਂ ਗੇਹਾਜੀ ਵਰਗਾ ਜੀਵਨ ਜੀ ਰਹੇ ਹੋ, ਕਿਸੇ ਚੰਗੇ ਕੰਮ ਜਾਂ ਸੇਵਕਾਈ ਦੇ ਨਾਮ 'ਤੇ ਪੈਸੇ ਇਕੱਠੇ ਕਰ ਰਹੇ ਹੋ?

ਅੱਜ ਪਰਮੇਸ਼ੁਰ ਦੇ ਕੁਝ ਸੇਵਕਾਂ ਦੇ ਥੈਲਿਆਂ ਵਿਚ ਸ਼ਾਇਦ ਕੋਈ ਬਾਈਬਲ ਜਾਂ ਇੰਜੀਲ ਟ੍ਰੈਕਟ ਨਾ ਹੋਣ। ਪਰ ਉਹ ਇਹ ਯਕੀਨੀ ਬਣਾਉਂਦੇ ਹਨ ਕਿ ਉਨ੍ਹਾਂ ਕੋਲ ਉਨ੍ਹਾਂ ਦੇ ਕੁਝ 'ਖਾਸ ਪ੍ਰੋਜੈਕਟਾਂ' ਦੇ ਬਜਟ ਪੇਪਰ ਅਤੇ ਕੁਝ ਸਬੰਧਤ ਕਾਗਜ਼ਾਤ ਜ਼ਰੂਰ ਹੋਣ। ਕਈ ਤਾਂ ਅਜਿਹੇ ਵੇਰਵਿਆਂ ਨੂੰ ਯਾਦ

(ਚਲਦਾ ਸਫਾ 9-)


## Echo of His Call Postal Courses for candidates in India only

### 1. BIBLECOR

We offer Postal Course on Basic Truths of The Bible to new Christians and non-Christians in English – 57 pages, Hindi – 76 pages & Tamil – 96 pages. You will get a course book entitled **New Life – For You!** **After the completion of this course, you will get a certificate. There will be no compulsory fees. You will be blessed!**

### 2. THEOLOGICAL CORRESPONDENCE COURSE

Advanced Distance Education called **Theological Correspondence Course** is available in English – 537 pages and Tamil – 652 pages for Pastors, Evangelists, Christian Leaders and for lay people who have passion to do God's Ministry! A fee of Rs. 1000/- is charged. 7 Books with 149 Chapters are supplied. **Certificate in Ministry** will be awarded. **God will bless you!**

***For more details, write to us.***

**The Chairman, Nehemiah Bible College,**
**Echo of His Call, Post Box 2957**
CHEPAUK, CHENNAI - 600 005.
**Ph.: (044) 2852 8282, 2852 9293, 2854 7766,**
**Cell : 98410 71852, 95661 31858**
**E.mail : biblecor@yahoo.co.in**



## ਆਮਦਨ ਕਰ ਵਿੱਚ ਛੋਟ ਵਾਲੇ ਦਾਨ

ਕਿਸੇ ਵਿਅਕਤੀ ਜਾਂ ਸੰਸਥਾ ਦੁਆਰਾ Echo of His Call Educational Trust ਨੂੰ ਭੇਜੇ ਗਏ ਦਾਨ ਧਾਰਾ 80G ਦੇ ਅੰਤਰਗਤ ਆਮਦਨ ਕਰ ਵਿੱਚ ਛੋਟ ਦੇ ਹੱਕਦਾਰ ਹਨ। ਇਸ ਵਾਸਤੇ ਦਫਤਰੀ ਰਸੀਦ ਵੀ ਦਿੱਤੀ ਜਾਵੇਗੀ। ਕਿਰਪਾ ਕਰਕੇ ਆਪਣੇ ਦਾਨ ਚੈਕ, ਡਿਮਾਂਡ ਡਰਾਫਟ ਜਾਂ ਮਨੀ ਆਡਰ ਦੁਆਰਾ Echo of His Call Educational Trust ਦੇ ਪਤੇ ਤੇ ਭੇਜੋ। ਤੁਸੀਂ ਆਪਣੇ ਦਾਨ ਹੇਂਠਲੇ ਬੈਂਕ ਖਾਤੇ ਵਿੱਚ ਵੀ ਭੇਜ ਸਕਦੇ ਹੋ:

| | | |
|---|---|---|
| Account Name | : | ECHO OF HIS CALL EDUCATIONAL TRUST |
| Account Number | : | 1023 2923 805 |
| Bank Name | : | STATE BANK OF INDIA |
| Branch | : | TRIPLICANE, CHENNAI - 600 005 |
| IFSC Code | : | SBIN 0000249 |
| SWIFT Code | : | SBI NIN BB 455 |



# ਟੋਏ ਤੋਂ ਮਹੱਲ ਤੱਕ

## PIT TO PALACE

(ਪਾਦਰੀ ਐਸ. ਸੈਮ ਸੇਲਵਾ ਰਾਜ ਦੀ ਜਿੰਦਗੀ ਦੇ ਅਨੁਭਵ)

"ਜਿਹੜਾ ਪੜ੍ਹੇ, ਉਹ ਸਮਝੇ" (ਮੱਤੀ ੨੪:੧੫)

## ਪੈਨਸਿਲ ਮੈਟ ਦੀ ਇੱਕ ਪ ਾਣੀ ਕਹਾਣੀ

"ਬਾਲਕ ਨੂੰ ਉਹ ਦਾ ਠੀਕ ਰਾਹ ਸਿਖਲਾ, ਤਾਂ ਉਹ ਵੱਡਾ ਹੋ ਕੇ ਵੀ ਉਸ ਤੋਂ ਕਦੇ ਨਾ ਹਟੇਗਾ" (ਕਹਾਉਤਾਂ 22:6)।

ਪਿੰਡ ਦੇ ਸਰਕਾਰੀ ਸਕੂਲ ਵਿੱਚ 5ਵੀਂ ਜਮਾਤ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ, ਮੈਨੂੰ ਹਾਈ ਸਕੂਲ ਵਿੱਚ ਦਾਖਲਾ ਮਿਲ ਗਿਆ, ਜਿੱਥੇ ਮੈਨੂੰ ਪਹਿਲੀ ਵਾਰ ਅੰਗਰੇਜ਼ੀ ਦੇ ਅੱਖਰ ਪੜ੍ਹਾਏ ਗਏ। ਸਕੂਲ ਦੇ ਪਹਿਲੇ ਦਿਨ ਕਲਾਸ ਟੀਚਰ ਨੇ ਸਾਰੇ ਵਿਦਿਆਰਥੀਆਂ ਨੂੰ ਅਗਲੇ ਦਿਨ ਪੈਨਸਿਲ ਅਤੇ ਕਾਪੀ ਲੈ ਕੇ ਆਉਣ ਦੀ ਹਦਾਇਤ ਕੀਤੀ। ਘਰ ਆਉਂਦਿਆਂ ਹੀ ਮੈਂ ਆਪਣੀ ਮਾਂ ਨੂੰ ਇਸ ਲੋੜ ਬਾਰੇ ਦੱਸਿਆ, ਕਿਉਂਕਿ ਮੇਰੇ ਪਿਤਾ ਜੀ ਬਾਹਰ ਗਏ ਹੋਏ ਸਨ। ਉਨ੍ਹਾਂ ਨੇ ਕਾਪੀ ਦਾ ਇੰਤਜ਼ਾਮ ਤਾਂ ਕਰ ਲਿਆ ਪਰ ਉਹ ਪੈਨਸਿਲ ਨਾ ਖਰੀਦ ਸਕੇ। ਕਿਉਂਕਿ ਉਹ ਸਾਡੇ ਗੁਆਂਢੀ ਰਿਸ਼ਤੇਦਾਰਾਂ ਤੋਂ ਇਸ ਲੋੜ ਲਈ ਮੰਗਣਾ ਨਹੀਂ ਚਾਹੁੰਦੇ ਸਨ। ਮਾਂ ਨੇ ਮੈਨੂੰ ਆਪਣੀ ਅਸਮਰੱਥਾ ਦੱਸੀ ਅਤੇ ਕਿਹਾ ਕਿ ਮੈਂ ਪੈਨਸਿਲ ਮੁਹੱਈਆ ਕਰਨ ਲਈ ਪ੍ਰਭੂ ਯਿਸੂ ਮਸੀਹ ਅੱਗੇ ਪ੍ਰਾਰਥਨਾ ਕਰਾਂ।

ਮਾਂ ਦੀਆਂ ਗੱਲ ਨੂੰ ਮੰਨਦਿਆਂ ਮੈਂ ਰਾਤ ਨੂੰ ਗੋਡੇ ਟੇਕ ਕੇ ਪ੍ਰਭੂ ਅੱਗੇ ਪ੍ਰਾਰਥਨਾ ਕੀਤੀ ਕਿ ਉਹ ਮੈਨੂੰ ਪੈਨਸਿਲ ਦੇ ਦੇਣ ਅਤੇ ਫਿਰ ਮੈਂ ਸੌਂ ਗਿਆ। ਪ੍ਰਭੂ ਨੇ ਅਗਲੇ ਦਿਨ ਸਵੇਰ ਤੱਕ ਕੋਈ ਪੈਨਸਿਲ ਨਾ ਦਿੱਤੀ। ਇਸ ਲਈ ਮੈਨੂੰ ਬਿਨਾਂ ਪੈਨਸਿਲ ਦੇ ਸਕੂਲ ਜਾਣਾ ਪਿਆ। ਜਦੋਂ ਬਾਕੀ ਸਾਰੇ ਵਿਦਿਆਰਥੀ ਪੈਨਸਿਲ ਲੈ ਕੇ ਆਏ, ਤਾਂ ਮੈਂ ਇਕੱਲਾ ਹੀ ਸੀ ਜੋ ਅਧਿਆਪਕ ਦਾ ਹੁਕਮ ਨੂੰ ਪੂਰਾ ਕਰਨ ਤੋਂ ਅਸਮਰੱਥ ਸੀ। ਇਸ ਲਈ ਅਧਿਆਪਕ ਮੇਰੇ ਤੋਂ ਖੁਸ਼ ਨਹੀਂ ਸੀ। ਉਸਨੇ ਮੈਨੂੰ ਕਿਹਾ ਕਿ ਮੈਂ ਅਗਲੇ ਦਿਨ ਬਿਨਾਂ ਪੈਨਸਿਲ ਤੋਂ ਸਕੂਲ ਨਾ ਆਵਾਂ।

ਮੈਂ ਘਰ ਆ ਕੇ ਆਪਣੀ ਮਾਂ ਨੂੰ ਅਧਿਆਪਕ ਦੀ ਨਾਰਾਜ਼ਗੀ ਬਾਰੇ ਦੱਸਿਆ। ਉਹ ਬਸ ਮੁਸਕਰਾਈ ਅਤੇ ਦੂਜੇ ਦਿਨ ਵੀ ਪ੍ਰਭੂ ਯਿਸੂ ਮਸੀਹ ਨੂੰ ਪ੍ਰਾਰਥਨਾ ਕਰਦੇ ਰਹਿਣ ਲਈ ਕਿਹਾ ਅਤੇ ਭਰੋਸਾ ਦਿਵਾਇਆ ਕਿ ਪੈਨਸਿਲ ਰਸਤੇ ਵਿੱਚ ਹੈ। ਮੈਂ ਦੁਆ ਕੀਤੀ ਪਰ ਕੁਝ ਨਹੀਂ ਹੋਇਆ। ਇਸ ਲਈ ਮੈਨੂੰ ਦੁਬਾਰਾ ਖਾਲੀ ਹੱਥ ਸਕੂਲ ਜਾਣਾ ਪਿਆ। ਜਦੋਂ ਅਧਿਆਪਕ ਨੇ ਮੈਨੂੰ ਪੁੱਛਿਆ ਤਾਂ ਮੈਂ ਦੱਸਿਆ ਕਿ ਮੈਂ ਆਪਣੀ ਮਾਂ ਦੇ ਕਹੇ ਅਨੁਸਾਰ ਪ੍ਰਭੂ ਯਿਸੂ ਮਸੀਹ ਨੂੰ ਪ੍ਰਾਰਥਨਾ ਕੀਤੀ ਹੈ ਅਤੇ ਪੈਨਸਿਲ ਰਸਤੇ ਵਿੱਚ ਹੀ ਹੈ। ਅਧਿਆਪਕ ਚਿੜ ਗਈ ਅਤੇ ਮੇਰੇ ਅਤੇ ਮੇਰੀ ਮਾਂ ਦੇ ਰਵੱਈਏ ਤੋਂ ਕ੍ਰੋਧਿਤ ਹੋ ਗਈ। ਉਸਨੇ ਮੈਨੂੰ ਫਿਰ ਕਿਹਾ ਕਿ ਮੈਂ ਅਗਲੇ ਦਿਨ ਪੈਨਸਿਲ ਤੋਂ ਬਿਨਾਂ ਸਕੂਲ ਨਾ ਆਵਾਂ।

ਬੜੇ ਦੁੱਖ ਨਾਲ ਮੈਂ ਇਹ ਖਬਰ ਆਪਣੀ ਮਾਂ ਕੋਲ ਸੁਣਾਈ। ਉਸਨੇ ਮੈਨੂੰ ਕਿਹਾ ਕਿ ਮੈਂ ਪੈਨਸਿਲ ਵਾਲੀ ਪ੍ਰਾਰਥਨਾ ਦਾ ਉੱਤਰ ਦੇਣ ਲਈ ਪ੍ਰਭੂ ਯਿਸੂ ਮਸੀਹ ਦਾ ਧੰਨਵਾਦ ਕਰਾਂ। ਮੈਂ ਅੱਧੀ ਰਾਤ ਤੱਕ ਪ੍ਰਭੂ ਦਾ ਧੰਨਵਾਦ ਕਰਦਾ ਰਿਹਾ। ਪਰ ਇਸ ਔਖੇ ਸਮੇਂ ਬਾਰੇ ਅਤੇ ਅਗਲੇ ਦਿਨ ਬਿਨਾਂ ਪੈਨਸਿਲ ਦੇ ਸਕੂਲ ਵਿੱਚ ਜਾਣ ਕਰਕੇ ਮਿਲਣ ਵਾਲੀ ਸਜ਼ਾ ਬਾਰੇ ਸੋਚਦਿਆਂ ਮੈਨੂੰ ਨੀਂਦ ਨਹੀਂ ਸੀ ਆ ਰਹੀ।

ਹੈਰਾਨੀ ਦੀ ਗੱਲ ਹੈ ਕਿ, ਅਚਾਨਕ ਅਸੀਂ ਸੁਣਿਆ ਕਿ ਕੋਈ ਅੱਧੀ ਰਾਤ ਨੂੰ ਦਰਵਾਜ਼ੇ 'ਤੇ ਦਸਤਕ ਦੇ ਰਿਹਾ ਸੀ। ਮੇਰੀ ਮਾਂ ਨੇ ਸੋਚਿਆ ਕਿ ਇਹ ਜਾਣਦੇ ਹੋਏ ਕਿ ਘਰ ਵਿੱਚ ਕੋਈ ਮਰਦ ਮੈਂਬਰ ਨਹੀਂ ਸੀ ਸ਼ਾਇਦ ਕੋਈ ਚੋਰ ਦਰਵਾਜ਼ਾ ਖੜਕਾ ਰਿਹਾ ਹੈ। ਮਾਂ ਨੇ ਮੈਨੂੰ ਚੁੱਪ ਰਹਿਣ ਲਈ ਕਿਹਾ ਅਤੇ ਮੈਂ ਮੰਜੇ ਹੇਠਾਂ ਸੌਂ ਗਿਆ।

ਫਿਰ ਅਸੀਂ ਸੁਣਿਆ ਕਿ ਕੋਈ ਮੇਰੀ ਮਾਂ ਦਾ ਨਾਮ ਲੈ ਕੇ ਖਿੜਕੀ ਵਿੱਚੋਂ ਅਵਾਜ਼ਾਂ ਮਾਰ ਰਿਹਾ ਹੈ। ਇਹ ਕੋਈ ਹੋਰ ਨਹੀਂ ਸਗੋਂ ਮੇਰੇ ਚਾਚਾ ਮਿਸਟਰ ਸੇਲਵਾਮਣੀ ਸਨ, ਜੋ ਸਾਡੇ ਘਰ ਤੋਂ ਲਗਭਗ 70 ਕਿਲੋਮੀਟਰ ਦੂਰ ਪਲਯਾਮਕੋਟਈ ਨਾਮਕ ਕਸਬੇ ਵਿੱਚ ਇੱਕ ਪੁਲਿਸ ਅਫ਼ਸਰ ਸਨ। ਅਸੀਂ ਖੁਸ਼ੀ ਨਾਲ ਦਰਵਾਜ਼ਾ ਖੋਲ੍ਹਿਆ। ਉਹ ਮੇਰੇ ਲਈ ਬਿਸਕੁਟ, ਮਠਿਆਈਆਂ, ਕੱਪੜੇ ਆਦਿ ਬਹੁਤ ਸਾਰੇ ਤੋਹਫ਼ੇ ਲੈ ਕੇ ਆਏ ਸਨ, ਜਿਵੇਂ ਉਹ ਆਮ ਤੌਰ 'ਤੇ ਕਰਦੇ ਸਨ। ਜਦੋਂ ਮੈਂ ਇੱਕ ਖਾਸ ਤੋਹਫ਼ੇ ਵਾਲਾ ਬੈਗ ਖੋਲ੍ਹਿਆ, ਤਾਂ ਮੈਨੂੰ ਇਸਦੇ ਅੰਦਰ ਇੱਕ ਬਾਕਸ ਮਿਲਿਆ। ਜਦੋਂ ਮੈਂ ਬੇਚੈਨ ਹੋ ਕੇ ਇਸ ਨੂੰ ਖੋਲ੍ਹਿਆ ਤਾਂ ਮੈਨੂੰ ਬਹੁਤ ਮਹਿੰਗੀਆਂ ਪੈਨਸਿਲਾਂ (ਨਟਰਾਜ ਪੈਨਸਿਲ, ਜੋ ਉਸ ਸਮੇਂ ਬਹੁਤ ਮਹਿੰਗੀਆਂ ਪੈਨਸਿਲਾਂ ਸਨ) ਨਾਲ ਭਰਿਆ ਇੱਕ ਡੱਬਾ ਮਿਲਿਆ। ਉਸ ਡੱਬੇ ਵਿੱਚ 24 ਪੈਨਸਿਲਾਂ ਸਨ।

ਮੈਂ ਉਸ ਰਾਤ ਇਹ ਕਹਿ ਕੇ ਛਾਲਾਂ ਮਾਰ ਰਿਹਾ ਸੀ ਕਿ ਪ੍ਰਭੂ ਯਿਸੂ ਮਸੀਹ ਨੇ ਨਾ ਸਿਰਫ਼ ਮੇਰੀਆਂ ਪ੍ਰਾਰਥਨਾਵਾਂ ਸੁਣੀਆਂ, ਸਗੋਂ ਮੇਰੀਆਂ ਪ੍ਰਾਰਥਨਾਵਾਂ ਦਾ ਜਵਾਬ ਵੀ ਦਿੱਤਾ। ਇਸ ਵੱਡੀ ਖੁਸ਼ੀ ਕਾਰਨ ਮੈਨੂੰ ਸਾਰੀ ਰਾਤ ਨੀਂਦ ਨਹੀਂ ਆਈ।

ਅਗਲੇ ਦਿਨ ਸਵੇਰੇ, ਮੈਂ 24 ਮਹਿੰਗੀਆਂ ਪੈਨਸਿਲਾਂ ਨਾਲ ਭਰਿਆ ਬਕਸਾ ਲੈ ਕੇ ਖੁਸ਼ੀ-ਖੁਸ਼ੀ ਸਕੂਲ ਗਿਆ ਜਦੋਂ ਕਿ ਦੂਜੇ ਵਿਦਿਆਰਥੀ ਇਕ-ਇਕ ਪੈਨਸਿਲ ਲੈ ਕੇ ਆਏ ਸਨ। ਅਧਿਆਪਕ ਰੁੱਖੇ ਜਿਹੇ ਚਿਹਰੇ ਨਾਲ ਮੇਰੇ ਕੋਲ ਆਈ ਅਤੇ ਪੁੱਛਿਆ ਕਿ ਕੀ ਕੁਝ ਹੋਇਆ? ਮੈਂ ਜਵਾਬ ਦਿੱਤਾ ਕਿ ਜੋ ਪੈਨਸਿਲ ਕੱਲ੍ਹ ਰਸਤੇ ਵਿੱਚ ਸੀ, ਅੱਜ ਮੇਰੇ ਹੱਥਾਂ ਵਿੱਚ ਅਦਭੁੱਤ ਢੰਗ ਨਾਲ ਪਹੁੰਚੀ ਹੈ। ਉਸਨੇ ਬਹੁਤ ਖੁਸ਼ੀ ਨਾਲ ਮੇਰੀ ਪਿੱਠ ਨੂੰ ਥਾਪੜਿਆ ਅਤੇ ਵਿਦਿਆਰਥੀਆਂ ਨੂੰ ਦੱਸਿਆ ਕਿ ਇੱਕ ਜੀਵਤ ਪ੍ਰਮੇਸ਼ਵਰ ਹੈ, ਜਿਸਦਾ ਨਾਮ ਯਿਸੂ ਮਸੀਹ ਹੈ।

ਪਿਆਰੇ ਪਾਠਕ, ਇਹ ਉਦੋਂ ਵਾਪਰਿਆ ਜਦੋਂ ਮੈਂ ਸੱਤ ਸਾਲ ਦਾ ਸੀ, ਪਰ ਉਹ ਅਨੁਭਵ ਅਜੇ ਵੀ ਮੇਰੇ ਦਿਮਾਗ ਵਿੱਚ ਤਾਜ਼ਾ ਹੈ। ਉਹੀ ਪ੍ਰਮੇਸ਼ਵਰ ਜਿਸ ਨੇ ਮੈਨੂੰ ਪੈਨਸਿਲਾਂ ਪ੍ਰਦਾਨ ਕੀਤੀਆਂ ਸਨ, ਉਹ ਅੱਜ ਵੀ ਜਿੰਦਾ ਹੈ। ਉਹ ਕੱਲ੍ਹ, ਅੱਜ ਅਤੇ ਸਦਾ ਲਈ ਇੱਕੋ ਜਿਹਾ ਹੈ (ਇਬਰਾਨੀਆਂ 13:8)। ਇਸ ਲਈ ਮੈਂ ਅੱਜ ਵੀ ਆਪਣੇ ਕਮਰੇ ਵਿਚ ਇਕ ਛੋਟੀ ਜਿਹੀ

ਮੈਟ ਰੱਖੀ ਹੋਈ ਹੈ, ਜਿਸ ਨੂੰ ਮੈਂ 'ਪੈਨਸਿਲ ਮੈਟ' ਆਖਦਾ ਹਾਂ। ਮੈਂ ਹਰ ਰੋਜ਼ ਸਵੇਰੇ ਤੜਕੇ ਪੈਨਸਿਲ ਮੈਟ 'ਤੇ ਜਾ ਕੇ ਆਪਣੇ ਵਿਅਸਤ ਕਾਰਜਕ੍ਰਮ ਦੇ ਬਾਵਜੂਦ ਦਿਨ ਵਿਚ ਘੱਟੋ-ਘੱਟ ਤਿੰਨ ਵਾਰ ਪ੍ਰਾਰਥਨਾ ਕਰਨ ਦੀ ਕੋਸ਼ਿਸ਼ ਕਰਦਾ ਹਾਂ ਅਤੇ ਆਪਣੀਆਂ ਜ਼ਰੂਰਤਾਂ ਉਸੇ ਪ੍ਰਮੇਸ਼ਵਰ, ਯਿਸੂ ਮਸੀਹ ਨੂੰ ਸੌਂਪਦਾ ਹਾਂ। ਹੁਣ ਤੱਕ ਮੈਂ ਇਸ ਪੈਨਸਿਲ ਮੈਟ ਰਾਹੀਂ ਪ੍ਰਭੂ ਤੋਂ ਇੱਕ ਸੂਈ ਤੋਂ ਲੈ ਕੇ, ਕਈ ਮਿੰਨੀ ਬੱਸਾਂ, ਵੱਡੀਆਂ ਇਮਾਰਤਾਂ ਆਦਿ ਤੱਕ ਪ੍ਰਾਪਤ ਕਰ ਚੁੱਕਾ ਹਾਂ। ਇਸ ਲਈ ਮੈਂ ਇਸ ਸਿੱਟੇ ਤੇ ਪਹੁੰਚਿਆ ਹਾਂ ਕਿ ਉਹ ਹੱਥ ਜੋ ਪਵਿੱਤਰ ਬਾਈਬਲ ਨੂੰ ਚੁੱਕਦੇ ਹਨ ਅਤੇ ਉਹ ਗੋਡੇ ਜੋ ਪ੍ਰਾਰਥਨਾ ਕਰਨ ਲਈ ਟਿਕਦੇ ਹਨ, ਕਦੇ ਅਸਫਲ ਨਹੀਂ ਹੋਣਗੇ।

ਇਸ ਲਈ ਮੇਰੀ ਸੇਵਕਾਈ ਦੇ ਪਿਛਲੇ 53 ਸਾਲਾਂ ਦੌਰਾਨ, ਮੈਂ ਕੋਈ ਪੈਸਾ ਇਕੱਠਾ ਕਰਨ ਦਾ ਪ੍ਰੋਜੈਕਟ ਨਹੀਂ ਚਲਾਇਆ ਹੈ ਅਤੇ ਨਾ ਹੀ ਕਿਸੇ ਵਿਅਕਤੀ ਦੇ ਘਰ ਜਾ ਕੇ ਪੈਸਾ ਇਕੱਠਾ ਕੀਤਾ ਹੈ ਜਾਂ ਸਾਡੇ ਬਹੁਪੱਖੀ ਮੰਤਰਾਲਿਆਂ ਦੀਆਂ ਲੋੜਾਂ ਲਈ ਸਮੱਗਰੀ ਪ੍ਰਾਪਤ ਕਰਨ ਲਈ ਗਿਆ ਹਾਂ। ਮੈਨੂੰ ਮੇਰੀਆਂ ਸਾਰੀਆਂ ਲੋੜਾਂ ਦੀ ਪੂਰਤੀ ਲਈ, ਮੇਰੀ ਪੈਨਸਿਲ ਮੈਟ ਰਾਹੀਂ, ਮੇਰੇ ਪ੍ਰਭੂ ਯਿਸੂ ਤੋਂ ਹੀ ਪੈਸੇ ਮਿਲਦੇ ਹਨ, ਓਹੀ ਮੈਨੂੰ ਉੱਤਰ ਦਿੰਦਾ ਹੈ।

"ਉਹ ਦੇ ਵਿੱਚ ਜੋ ਮੈਨੂੰ ਬਲ ਦਿੰਦਾ ਹੈ ਮੈਂ ਸੱਭੋ ਕੁਝ ਕਰ ਸਕਦਾ ਹਾਂ" ਫ਼ਿਲਿੱਪੀਆਂ 4:13।

************

(ਚਲਦਾ ਸਫਾ 7 ਤੋਂ)

ਕਰਨ ਲਈ ਕਾਫ਼ੀ ਹੁਸ਼ਿਆਰ ਹੁੰਦੇ ਹਨ! ਅੱਜ ਦੇ ਬਹੁਤ ਸਾਰੇ ਪਰਮੇਸ਼ੁਰ ਦੇ ਸੇਵਕ ਪੈਸੇ ਹੜੱਪਣ ਦੀਆਂ ਯੋਜਨਾਵਾਂ ਬਣਾਉਣ ਵਿਚ ਚੰਗੀ ਤਰ੍ਹਾਂ ਮਾਹਰ ਹਨ। ਉਨ੍ਹਾਂ ਕੋਲ ਪੈਸਾ ਹਾਸਲ ਕਰਨ ਦੇ ਕੁਝ "ਪਵਿੱਤਰ ਕਾਰਨ" ਹਨ।

ਜਦੋਂ ਪਰਮੇਸ਼ੁਰ ਦੇ ਕਰਮਚਾਰੀਆਂ ਨੂੰ ਪੈਸੇ ਦੀ ਲੋੜ ਹੁੰਦੀ ਹੈ, ਤਾਂ ਕੁਝ ਲੋਕ ਐਲਾਨ ਕਰਨਾ ਸ਼ੁਰੂ ਕਰ ਦਿੰਦੇ ਹਨ, "ਮੈਨੂੰ ਆਪਣਾ ਪੈਸਾ ਦਿਓ। ਮੈਂ ਹੰਝੂਆਂ ਨਾਲ ਤੁਹਾਡੇ ਲਈ ਪ੍ਰਾਰਥਨਾ ਕਰਾਂਗਾ। ਫਿਰ ਤੁਸੀਂ ਖੁਸ਼ਕਿਸਮਤ ਹੋਵੋਗੇ।" ਕੁਝ ਕਹਿੰਦੇ ਹਨ, "ਰੱਬ ਚਾਹੁੰਦਾ ਹੈ ਕਿ 750 ਲੋਕ ਸਾਡੇ ਸੇਵਕਾਈ ਲਈ 1000/- ਰੁਪਏ ਦੇ ਸਕਣ।" ਕੁਝ ਕਹਿੰਦੇ ਹਨ, "ਰੱਬ ਨੇ ਮੈਨੂੰ ਪ੍ਰਗਟ ਕੀਤਾ ਅਤੇ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਆਪਣੀ ਸੇਵਾਮੁਕਤੀ ਦੇ ਸਮੇਂ ਵੱਡੀਆਂ ਰਕਮਾਂ ਪ੍ਰਾਪਤ ਕੀਤੀਆਂ ਹਨ, ਉਨ੍ਹਾਂ ਨੂੰ ਇਹ ਸਭ ਕੁਝ ਸਾਡੀ ਸੇਵਕਾਈ ਨੂੰ ਦੇਣਾ ਚਾਹੀਦਾ ਹੈ; ਅਸੀਂ 5 ਸਾਲਾਂ ਬਾਅਦ ਪੂਰੀ ਰਕਮ ਵਾਪਸ ਕਰ ਦੇਵਾਂਗੇ।"

ਯਿਸੂ ਨੇ ਆਪਣੇ ਚੇਲਿਆਂ ਨੂੰ ਲੋਕਾਂ ਨੂੰ ਧੋਖਾ ਦੇਣਾ ਨਹੀਂ ਸਿਖਾਇਆ ਸੀ। ਇਸਦੀ ਬਜਾਏ ਉਸਨੇ ਉਨ੍ਹਾਂ ਨੂੰ ਕਿਹਾ, "...ਸਮੁੰਦਰ ਵਿੱਚ ਜਾਓ, ਕੁੰਡੀ ਸੁੱਟੋ, ਅਤੇ ਜਿਹੜੀ ਮੱਛੀ ਪਹਿਲਾਂ ਆਉਂਦੀ ਹੈ ਉਸਨੂੰ ਲਓ ਅਤੇ ਉਸਦਾ ਮੂੰਹ ਖੋਲੋ ਤਾਂ ਤੁਹਾਨੂੰ ਪੈਸੇ ਦਾ ਇੱਕ ਸਿੱਕਾ ਮਿਲੇਗਾ; ਉਹ ਲੈ ਲਵੋ ਅਤੇ ਮੇਰੇ ਅਤੇ ਤੁਹਾਡੇ ਲਈ ਟੈਕਸ ਭਰ ਦਿਓ।" (ਮੱਤੀ 17:27)। ਰੱਬ ਦੇ ਕੁਝ ਬੱਚੇ ਗਲਤ ਤਰੀਕੇ ਨਾਲ ਪੈਸੇ ਪ੍ਰਾਪਤ ਕਰਦੇ ਸਨ ਅਤੇ ਇਸ ਦਾ ਸੁਆਦ ਮਾਣਦੇ ਹਨ। ਕੁਝ ਪੈਸੇ ਦਾ ਕੁਝ ਹਿੱਸਾ ਪ੍ਰਭੂ ਦੇ ਕੰਮ ਲਈ ਦੇਣ ਲਈ ਤਿਆਰ ਹਨ। ਪਰ ਰੱਬ ਅਜਿਹੇ ਨਜਾਇਜ਼ ਪੈਸੇ ਲਈ ਨਹੀਂ ਹੈ। ਪਰਮੇਸ਼ੁਰ ਦੇ ਪਿਆਰੇ ਸੇਵਕੋ, ਆਪਣੇ ਸਾਰੇ ਕੰਮਾਂ ਵਿੱਚ ਸਾਵਧਾਨ ਰਹੋ!

ਜਦੋਂ ਅਸੀਂ ਆਪਣੀ ਸੇਵਕਾਈ ਨੂੰ ਇਮਾਨਦਾਰੀ ਨਾਲ ਕਰਦੇ ਹਾਂ, ਤਾਂ ਸਾਨੂੰ ਆਪਣੇ ਖਰਚੇ ਪੂਰੇ ਕਰਨ ਲਈ ਭਟਕਣ ਦੀ ਲੋੜ ਨਹੀਂ ਹੈ। ਸਾਨੂੰ ਪੈਸਾ ਲੱਭਣ ਦੇ ਤਰੀਕੇ ਨਹੀਂ ਬਣਾਉਣੇ ਚਾਹੀਦੇ। ਸਾਨੂੰ ਨਵੀਆਂ ਯੋਜਨਾਵਾਂ ਪੇਸ਼ ਕਰਨ ਅਤੇ ਉਹਨਾਂ ਨੂੰ ਲਾਗੂ ਕਰਨ ਦੀ ਲੋੜ ਨਹੀਂ ਹੈ। ਯਹੋਵਾਹ ਜਿਸ ਨੇ ਸਾਨੂੰ ਬੁਲਾਇਆ ਹੈ ਉਹ ਵਫ਼ਾਦਾਰ ਹੈ। ਉਹ ਆਪਣੇ ਬੱਚਿਆਂ ਨੂੰ ਕਦੇ ਵੀ ਨਿਰਾਸ਼ ਨਹੀਂ ਹੋਣ ਦੇਵੇਗਾ। ਉਹ ਆਪਣੇ ਕਿਸੇ ਵੀ ਮੰਤਰਾਲੇ ਨੂੰ ਨਜ਼ਰਅੰਦਾਜ਼ ਨਹੀਂ ਕਰੇਗਾ। ਪਰ ਉਹ ਸਾਡੀਆਂ ਗਤੀਵਿਧੀਆਂ ਦੇ ਪਿੱਛੇ ਦੇ ਮਕਸਦ ਨੂੰ ਜ਼ਰੂਰ ਦੇਖੇਗਾ।

ਰੱਬ ਦੇ ਪਿਆਰੇ ਬੱਚਿਓ, ਕੀ ਤੁਸੀਂ ਆਪਣੇ ਮਨ ਅਨੁਸਾਰ ਜੀਵਨ ਜੀ ਰਹੇ ਹੋ? ਚਾਹੇ ਤੁਸੀਂ ਛੋਟੇ ਹੋ ਜਾਂ ਵੱਡੇ ਕੀ ਤੁਸੀਂ ਏਲੀਯਾਹ ਵਾਂਗ, ਪਰਮੇਸ਼ੁਰ ਦੀ ਇੱਛਾ ਅਨੁਸਾਰ ਪਵਿੱਤਰ ਜੀਵਨ ਜੀਉਣ ਅਤੇ ਸਵਰਗ ਤੱਕ ਪਹੁੰਚਣ ਲਈ ਤਿਆਰ ਹੋ?

ਜਾਂ

ਕੀ ਤੁਸੀਂ ਅਲੀਸ਼ਾ ਵਾਂਗ ਲਗਨ ਨਾਲ ਪ੍ਰਾਰਥਨਾ ਕਰਦੇ ਹੋ ਅਤੇ ਆਪਣੀ ਨਿਹਚਾ ਵਿੱਚ ਪੱਕੇ ਰਹਿੰਦੇ ਹੋ, ਤਾਂ ਜੋ ਤੁਸੀਂ ਆਪਣੇ ਸੱਦੇ ਵਿੱਚ ਮਜ਼ਬੂਤ ਹੋ ਸਕੋ ਅਤੇ ਦੋਹਰੀ ਬਰਕਤ ਪ੍ਰਾਪਤ ਕਰ ਸਕੋ? ਕੀ ਤੁਸੀਂ ਅਲੀਸ਼ਾ ਦਾ ਅਨੁਸਰਣ ਕਰੋਗੇ ਅਤੇ ਆਪਣੇ ਵੈਰੀਆਂ ਨਾਲੋਂ ਵੱਧ ਬੁੱਧਵਾਨ ਅਤੇ ਆਪਣੇ ਗੁਰੂਆਂ ਨਾਲੋਂ ਵੱਧ ਗਿਆਨਵਾਨ ਅਤੇ ਬਜ਼ੁਰਗਾਂ ਨਾਲੋਂ ਵੱਧ ਚਤੁਰ ਬਣੋਗੇ? (ਜ਼ਬੂਰ 119:98-100)

ਜਾਂ

ਕੀ ਤੁਸੀਂ ਗੇਹਾਜੀ ਵਰਗਾ ਬਣਨਾ ਚਾਹੁੰਦੇ ਹੋ ਜੋ ਸੇਵਕਾਈ ਦੇ ਨਾਮ 'ਤੇ ਕੁਛ ਨਾ ਕੁਛ ਕਰ ਰਿਹਾ ਹੈ ਅਤੇ ਪੈਸਾ ਕਮਾਉਣ ਲਈ ਇੱਧਰ-ਉੱਧਰ ਭੱਜਾ ਫਿਰਦਾ ਹੈ; ਇਸ ਤਰਾਂ ਤੁਸੀਂ ਆਪਣੀ ਸੇਵਕਾਈ ਗੁਆ ਬੈਠੋਗੇ ਅਤੇ ਤੁਹਾਡੇ ਅਤੇ ਤੁਹਾਡੀ ਸੰਤਾਨ ਲਈ ਸਰਾਪ ਕਮਾਓਗੇ?

ਤੁਹਾਡਾ ਫੈਸਲਾ ਤੁਹਾਡੀ ਇੱਛਾ 'ਤੇ ਅਧਾਰਤ ਹੈ। ਤੁਹਾਡਾ ਉੱਤਰ ਕੀ ਹੈ?

************

**ਬੁਲਾਵੇ ਦੀ ਗੂੰਜ ਸੇਵਕਾਈ ਇੱਕ ਅਦਭੁੱਤ ਵਿਅਕਤੀ ਨੂੰ ਅਰ ਪ੍ਰਕਾਸ਼ਨ ਦੇ ਕੰਮ ਵਿੱਚ ਉਨ੍ਹਾਂ ਦੀ ਅਦੁੱਤੀ ਦੇਣ ਨੂੰ ਸਲਾਮ ਕਰਦੀ ਹੈ!**



ਅਸੀਂ ਬੜੇ ਦੁਖੀ ਹਿਰਦੇ ਨਾਲ ਦੱਸਦੇ ਹਾਂ ਕਿ

**ਭਾਈ ਮੈਨੂਅਲ ਐਮ. ਪੌਲਰਾਜ**

ਸੀਨੀਅਰ ਐਸੋਸੀਏਟ ਐਡੀਟਰ

ਜੋ ਕਿ ਅੰਗਰੇਜ਼ੀ ਭਾਸ਼ਾ ਦੇ ਮਾਸਿਕ ਅਖ਼ਬਾਰ ਬੁਲਾਵੇ ਦੀ ਗੂੰਜ ਵਿੱਚ ਪਿਛਲੇ ਲਗਭਗ 43 ਸਾਲਾਂ ਤੋਂ ਸਾਡੇ ਨਾਲ ਸੇਵਾ ਕਰ ਰਹੇ ਸਨ, 72 ਸਾਲ ਦੀ ਉਮਰ ਵਿੱਚ, 25 ਮਈ, 2022, ਬੁੱਧਵਾਰ ਨੂੰ ਸਵੇਰੇ 6.00 ਵਜੇ, ਜਲਾਲ ਵਿੱਚ ਪ੍ਰਵੇਸ਼ ਕਰ ਗਏ ਸਨ, ਉਹ ਆਪਣੇ ਪਿੱਛੇ ਪਤਨੀ, ਪੁੱਤਰ ਅਤੇ ਧੀ ਅਤੇ ਪੋਤੇ-ਪੋਤੀਆਂ ਛੱਡ ਗਏ ਹਨ। ਕਿਰਪਾ ਕਰਕੇ ਸਾਡੇ ਲਈ ਪ੍ਰਾਰਥਨਾ ਕਰੋ।

- ਪਾ. ਐਸ. ਸੈਮ ਸੇਲਵਾ ਰਾਜ

RNI NO. TNPUN/2000/1914, Postal Regn. No. TN/CH/(C)/192/21-23 WPP NO. TN/PMG(CCR)/WPP-263/21-23

## A good opportunity to get Echo of His Call monthly magazine at free of cost

If you could send the addresses of your friends / relatives through post, letter, e.mail, WhatsApp or phone to us, we will dispatch **Echo of His Call** monthly magazine to them at free of cost.

## OUR BANK DETAILS:

### *1. Bank : State Bank of India*

Branch : **Triplicane, Chennai-5**
Name : **S. Sam Selva Raj**
A/C No. : **1023 2934 679**
IFSC : **SBIN 00 00 249**
SWIFT CODE : **SBI NIN BB 455**

### *2. Bank : ICICI Bank*

Branch : **Anna Salai, Chennai-6**
Name : **Echo of His Call**
A/C No. : **6038 0502 2319**
IFSC : **ICIC 000 6038**

### *3. Bank : State Bank of India*

**(This Account is for Tax Exemption for Indians only )**

Branch : **Triplicane, Chennai-5**
Name : **Echo of His Call Educational Trust**
A/C No. : **1023 2923 805**
IFSC : **SBIN 00 00 249**

**Google Pay: 98410 71858**
**PayPal : SAM SELVA RAJ**
*****
**E.mail : sam@echoofhiscall.org**

# ਬੁਲਾਵੇ ਦੀ ਗੂੰਜ

16 ਭਾਸ਼ਾਵਾਂ ਵਿੱਚ ਮਹੀਨੇਵਾਰ ਪੱਤ੍ਰਿਕਾ, ਬਾਈਬਲ ਕਾਲਜ, ਪੱਤਰ ਵਿਹਾਰ ਕੋਰਸ, ਚਰਚ ਸਥਾਪਨਾ, ਪੇਂਡੂ ਅੰਗਰੇਜ਼ੀ ਹਾਈ ਸਕੂਲ, ਗੌਸਪਲ ਪ੍ਰਿੰਟਿੰਗ ਪ੍ਰੈੱਸ, ਕਰੁਸੇਡ, ਸੈਮੀਨਾਰ, ਸਮਾਜਿਕ ਸੇਵਾਵਾਂ ਆਦਿ।

**ਸਲਾਨਾ ਚੰਦਾ 100/- ਰੁ:        ਜੀਵਨ ਭਰ ਲਈ ਚੰਦਾ: 2000/- ਰੁ:**

ਬੁਲਾਵੇ ਦੀ ਗੂੰਜ ਸੇਵਕਾਈ ਦੀਆਂ ਬਹੁਭਾਂਤੀ ਗਤੀਵਿਧੀਆਂ ਤੁਹਾਡੇ ਵਰਗੇ ਹੀ ਪ੍ਰਮੇਸ਼ਵਰ ਦੇ ਬੱਚਿਆਂ ਦੀਆਂ ਸਵੈ-ਇੱਛਤ ਭੇਟਾਂ ਅਤੇ ਦਾਨਾਂ ਦੁਆਰਾ ਚਲਾਈਆਂ ਜਾਂਦੀਆਂ ਹਨ। ਜਿਵੇਂ ਪ੍ਰਮੇਸ਼ਵਰ ਤੁਹਾਡੀ ਅਗਵਾਈ ਕਰਦਾ ਹੈ ਤੁਸੀਂ ਬੁਲਾਵੇ ਦੀ ਗੂੰਜ ਅਤੇ ਇਸਦੀਆਂ ਸੇਵਕਾਈਆਂ ਦੀ ਸਹਾਇਤਾ ਕਰ ਸਕਦੇ ਹੋ। ਸੁਸਮਾਚਾਰ ਨੂੰ ਅਪਹੁੰਚ ਇਲਾਕਿਆਂ ਤੱਕ ਪੁਚਾਉਣ ਅਤੇ ਕਲੀਸੀਆਵਾਂ ਦੀ ਸਥਾਪਨਾ ਕਰਨ ਲਈ ਸਾਨੂੰ ਤੁਹਾਡੀ ਸਹਾਇਤਾ ਦੀ ਲੋੜ ਹੈ।

ਜੇਕਰ ਤੁਸੀਂ ਲਗਾਤਾਰ ਬੁਲਾਵੇ ਦੀ ਗੂੰਜ ਪੱਤ੍ਰਿਕਾ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਾਨੂੰ ਲਿਖੋ। ਜਦੋਂ ਕਦੇ ਵੀ ਤੁਸੀਂ ਆਪਣਾ ਡਾਕ ਪਤਾ ਜਾਂ ਈਮੇਲ ਪਤਾ ਬਦਲੋ ਤਾਂ ਕਿਰਪਾ ਕਰਕੇ ਸਾਨੂੰ ਆਪਣੇ ਪੁਰਾਣੇ ਅਤੇ ਨਵੇਂ ਪਤੇ ਦੀ ਜਾਣਕਾਰੀ ਜ਼ਰੂਰ ਦਿਓ।

16 ਭਾਸ਼ਾਵਾਂ ਵਿੱਚ ਬੁਲਾਵੇ ਦੀ ਗੂੰਜ ਸਾਡੀ ਵੈੱਬਸਾਈਟ ਤੇ ਵੀ ਉਪਲੱਬਧ ਹੈ। ਤੁਸੀਂ ਇਸਨੂੰ ਵੈੱਬਸਾਈਟ ਤੇ ਜਾ ਕੇ ਵੀ ਪੜ੍ਹ ਸਕਦੇ ਹੋ ਅਤੇ ਇਸਨੂੰ ਡਾਊਨਲੋਡ ਕਰਕੇ ਵੀ ਬਰਕਤ ਪਾ ਸਕਦੇ ਹੋ।

ਬੁਲਾਵੇ ਦੀ ਗੂੰਜ ਲਈ ਤੁਹਾਡੀਆਂ ਚਿੱਠੀਆਂ, ਪ੍ਰਾਰਥਨਾ ਬੇਨਤੀਆਂ ਅਤੇ ਆਰਥਿਕ ਸਹਾਇਤਾ ਡਿਮਾਂਡ ਡ੍ਰਾਫਟ, ਚੈੱਕ, ਮਨੀ ਆਡਰ, **NEFT, PayPal (Sam Selva Raj, sam@echoofhiscall.org) PhonePe (98410 71858), Gpay (98410 71858), Western Union, MoneyGram, etc.)** ਆਦਿ ਰਾਹੀ ਤੁਸੀਂ ਹੇਠ ਲਿਖੇ ਪਤੇ ਤੇ ਭੇਜ ਸਕਦੇ ਹੋ।

ਕਿਰਪਾ ਕਰਕੇ ਅੱਪਡੇਟ ਲਈ ਤੁਹਾਡੇ ਫ਼ੋਨ ਨੰ:/ ਮੋਬਾਇਲ ਨੰ: ਅਤੇ ਈਮੇਲ ਪਤੇ ਸਾਨੂੰ ਭੇਜੋ।

Our address :
**ECHO OF HIS CALL**
10, MOHAMMED ABDULLAH 2ND STREET, CHEPAUK, CHENNAI - 600 005, INDIA
PH: (+91-44) 2852 8282, 2852 9293, 2854 7766/ Cell: (+91) 98410 71852, 95661 31858 / E.mails: sam@echoofhiscall.org / biblecor@yahoo.co.in
Websites: www.echoofhiscall.org / www.stpaulsmatriculation.com

**YOU CAN SEND YOUR DONATION ONLINE ALSO**

**RNI NO. 2000/1914**
**Postal Regn. No. TN/CH/(C)/192/21-23**
**WPP NO. TN/PMG(CCR) / WPP- 263/21-23**
**Date of Publication: Third week of every month**
**Date of Posting : 19th & 20th of every month**
**Posted at "Egmore RMS / 1 Patrika Channel"**
**on 20th JULY 2022**
**If un-delivered please return to:**
**ECHO OF HIS CALL (PUNJABI)**
**P.O. Box No. 2957,**
**Chepauk, Chennai - 600 005, INDIA.**
**Phone: (+ 91- 44) 2852 8282, 2852 9293, 2854 7766**

***JESUS LOVES YOU!***

**To**

*GOD BLESS YOU!*

Owned and published by **S. Sam Selva Raj** from New No. 8 & 10, Old No. 18 & 19, Mohammed Abdullah 2nd Street, Chepauk, Chennai-600 005 and printed by him at **Echo of His Call Printers**, New No. 8 & 10, Old No. 18 & 19, Mohammed Abdullah 2nd Street, Chepauk, Chennai-600 005. Editor: **S. Sam Selva Raj.**